# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. (ਸੁਰੱਖਿਆ ਅਤੇ ਯੁੱਧਨੀਤੀ ਅਧਿਐਨ) ਭਾਗ ਤੀਜਾ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ

ਯੂਨਿਟ : 1

ਪਾਠ ਨੰ.


1.1 : **ਖੇਤਰੀ – ਪਰਿਭਾਸ਼ਾ ਅਤੇ ਸੰਕਲਪ, ਖੇਤਰੀਵਾਦ, ਖੇਤਰੀ ਸੁਰੱਖਿਆ ਅਤੇ ਸਹਿਯੋਗ ਅਤੇ ਸੈਨਿਕ ਗਠਜੋੜ**

(Regionalism and Regional Cooperation and Military Alliances)

1.2 : **ਉਤਰੀ ਐਟਲਾਂਟਿਕ ਸੰਧੀ ਸੰਗਠਨ**

(North Atlantic Treaty Organisation -NATO)

1.3 : **ਖਾੜੀ ਸਹਿਯੋਗ ਪ੍ਰੀਸ਼ਦ**

(Gulf Cooperation Council - GCC)


**Department website : www.pbidde.org**

**ਪਾਠ ਨੰ. 1.1** **ਲੇਖਕ : ਡਾ. ਕਮਲ ਕਿੰਗਰ**

## ਖੇਤਰ, ਖੇਤਰੀ ਸੁਰੱਖਿਆ ਅਤੇ ਸਹਿਯੋਗ ਅਤੇ ਸੈਨਿਕ ਗਠਜੋੜ
## (Region, Regional Security and Cooperation and Military Aliances)

### ਭੂਮਿਕਾ (Introduction)

ਦੂਜੀ ਵਿਸ਼ਵ ਜੰਗ ਤੋਂ ਬਾਅਦ ਖੇਤਰੀ ਸਹਿਯੋਗ ਲਈ ਬਣੇ ਸੰਗਠਨਾਂ ਦੀ ਭਰਮਾਰ ਰਹੀ ਹੈ ਅਤੇ ਖੇਤਰੀਵਾਦ (Regionalism) ਦਾ ਅੰਤਰ-ਰਾਸ਼ਟਰੀ ਸਬੰਧਾਂ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਖੇਤਰੀ ਸੰਗਠਨਾਂ ਦੀ ਸਥਾਪਨਾ ਦਾ ਉਦੇਸ਼ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਹੱਲ ਲੱਭਣਾ ਜਾਂ ਖੇਤਰੀ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨਾ ਹੈ। ਕਈ ਵਿਚਾਰਕਾਂ ਦਾ ਇਹ ਮੰਨਣਾ ਹੈ ਕਿ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਉਦੇਸ਼ਾਂ ਵਿਚ ਸਮਾਨਤਾ ਰੱਖਣ ਵਾਲੇ ਦੇਸ਼ਾਂ ਦਾ ਆਪਸੀ ਸੰਗਠਨ, ਵਿਸ਼ਵ-ਵਿਆਪੀ ਸੰਗਠਨ ਦੀ ਤੁਲਨਾ ਵਿਚ, ਸ਼ਾਂਤੀ ਬਣਾਈ ਰੱਖਣ ਵਿਚ ਜ਼ਿਆਦਾ ਕਾਮਯਾਬ ਹੋ ਸਕਦਾ ਹੈ। ਖੇਤਰੀ ਸੰਗਠਨਾਂ ਦੇ ਮਾਧਿਅਮ ਰਾਹੀਂ ਆਜ਼ਾਦ ਅਤੇ ਖੁਦਮੁਖ਼ਤਾਰ ਦੇਸ਼ ਖੇਤਰੀ ਹਿਤਾਂ ਦੀ ਪੂਰਤੀ ਲਈ ਯਤਨਸ਼ੀਲ ਰਹਿੰਦੇ ਹਨ। ਸਾਧਾਰਨ ਸ਼ਬਦਾਂ ਵਿਚ ਖੇਤਰੀ ਸੰਗਠਨ ਜਾਂ ਖੇਤਰੀ ਵਿਵਸਥਾ ਜਾਂ ਸੰਧੀ ਇਕ ਨਿਸ਼ਚਿਤ ਖੇਤਰ ਦੇ ਅੰਦਰ ਖੁਦਮੁਖ਼ਤਾਰ ਦੇਸ਼ਾਂ ਦੁਆਰਾ ਆਮ ਹਿੱਤਾਂ ਦੀ ਪੂਰਤੀ ਲਈ ਬਣਾਇਆ ਗਿਆ ਇਕ ਸੰਘ ਹੈ।

ਖੇਤਰ ਉਨ੍ਹਾਂ ਵੱਖ-ਵੱਖ ਭਾਗਾਂ ਨੂੰ ਕਿਹਾ ਜਾ ਸਕਦਾ ਹੈ ਜਿਹੜੇ ਭੂਗੋਲਿਕ ਤੌਰ ਤੇ ਇਕ ਦੂਜੇ ਦੇ ਨੇੜੇ ਹੋਣ। ਅੰਤਰ-ਰਾਸ਼ਟਰੀ ਸਬੰਧਾਂ ਵਿਚ ਖੇਤਰ ਉਸ ਭਾਗ ਨੂੰ ਵੀ ਕਿਹਾ ਜਾ ਸਕਦਾ ਹੈ ਜਿਥੇ ਕੁਝ ਦੇਸ਼ਾਂ ਦੀਆਂ ਸੀਮਾਵਾਂ ਇਕ ਦੂਜੇ ਨਾਲ ਲਗਦੀਆਂ ਹੋਣ ਭਾਵੇਂ ਭੂਗੋਲਿਕ ਤੌਰ ਤੇ ਉਨ੍ਹਾਂ ਦੀ ਬਣਤਰ ਇਕੋ ਜਿਹੀ ਨਾ ਵੀ ਹੋਵੇ ਪਰ ਉਹਨਾਂ ਦੇਸ਼ਾਂ ਦੇ ਕੁਝ ਪ੍ਰਮੁੱਖ ਹਿੱਤ ਜ਼ਰੂਰ ਸਾਂਝੇ ਹੋਣ। ਇਕ ਖੇਤਰ ਦੇ ਵਿਚ ਸਾਂਝੇ ਸਭਿਆਚਾਰ, ਸਾਂਝੀਆਂ ਭਾਸ਼ਾਵਾਂ, ਸਾਂਝੇ ਇਤਿਹਾਸ, ਲਗਭਗ ਇਕੋ ਤਰ੍ਹਾਂ ਦਾ ਮੌਸਮ, ਇਕੋ ਜਿਹੀਆਂ ਨਸਲਾਂ ਅਤੇ ਇਕੋ ਜਿਹਾ ਤਕਨੀਕੀ ਪੱਧਰ ਵੀ ਵੇਖਿਆ ਜਾ ਸਕਦਾਹੈ। ਅੰਤਰ-ਰਾਸ਼ਟਰੀ ਸਬੰਧਾਂ ਦੇ ਪ੍ਰਸਿਧ ਵਿਦਵਾਨ ਪਾਮਰ ਅਤੇ ਪਰਕਿੰਸ ਅਨੁਸਾਰ, "ਖੇਤਰ ਸ਼ਬਦ ਦੀ ਵਰਤੋਂ ਆਮ ਤੌਰ ਤੇ ਛੋਟੇ ਰਾਜਾਂ ਦੇ ਭਾਗਾਂ ਵਾਸਤੇ ਕੀਤੀ ਜਾਂਦੀ ਹੈ ਪਰ ਇਥੇ ਇਸ ਗੱਲ ਤੇ ਜੋਰ ਦੇਣਾ ਜ਼ਰੂਰੀ ਹੈ ਕਿ ਅੰਤਰ-ਰਾਸ਼ਟਰੀ ਸਬੰਧਾਂ ਵਿਚ ਖੇਤਰ ਉਹ ਇਲਾਕਾਹੈ ਜਿਥੇ ਤਿੰਨ ਜਾਂ ਉਸ ਤੋਂ ਵੱਧ ਰਾਜਾਂ ਦੀਆਂ ਸੀਮਾਵਾਂ ਇਕ ਦੂਜੇ ਨਾਲ ਲਗਦੀਆਂ ਹੋਣ। ਇਹਨਾਂ ਰਾਜਾਂ ਦੇ ਹਿੱਤ ਵੀ ਸਾਂਝੇ ਹੁੰਦੇ ਹਨ ਅਤੇ ਭੂਗੋਲ ਆਦਿ ਵੀ ਮਿਲਦੇ- ਜੁਲਦੇ ਹਨ। ਇਹ ਜ਼ਰੂਰੀ ਨਹੀਂ ਕਿ ਇਹ ਜੁੜੇ ਹੋਣ ਅਤੇ ਉਸੇ ਮਹਾਂਦੀਪ ਵਿਚ ਹੋਣ।"

ਸ਼ਲੀਚਰ ਦੇ ਅਨੁਸਾਰ, "ਇਕ ਅੰਤਰ-ਰਾਸ਼ਟਰੀ ਖੇਤਰ ਵਿਚ ਅਜਿਹੇ ਖੇਤਰ ਜਾਂ ਕਈ ਰਾਜ ਆਉਂਦੇ ਹਨ ਜੋ ਘੱਟ ਤੋਂ ਘੱਟ ਇਕ ਉਦੇਸ਼ ਲਈ ਇਸ ਨੂੰ ਬਾਕੀ ਖੇਤਰਾਂ ਨਾਲੋਂ ਅਲੱਗ ਰੱਖਦੇ ਹਨ"।

'ਖੇਤਰੀਵਾਦ ਰਾਜਾਂ ਅਤੇ ਨਿਰਭਰ ਖੇਤਰਾਂ ਨੂੰ ਖੇਤਰੀ ਆਧਾਰ ਉੱਪਰ ਸੰਗਠਤ ਕਰਨ ਦੀ ਧਾਰਨਾ ਹੈ"। - ਸ਼ਲੀਚਰ

"ਖੇਤਰ ਦੀ ਪਰਿਭਾਸ਼ਾ ਲਚੀਲੀ ਹੋਣੀ ਚਾਹੀਦੀ ਹੈ। ਕੋਈ ਵੀ ਇਕ ਸ਼ਰਤ ਆਪਣੇ ਆਪ ਵਿਚ ਨਾ ਤਾਂ ਜ਼ਰੂਰੀ ਅਤੇ ਨਾ ਹੀ ਕਾਫੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਖੇਤਰਾਂ ਵਿਚ ਭੁਗੋਲਿਕ ਸਮਾਨਤਾ, ਇਕ ਸਮਾਨ ਰਾਜਨੀਤਿਕ ਪ੍ਰਵਿਰਤੀਆਂ ਅਤੇ ਸਭਿਆਚਾਰਕ ਸਮਰੂਪਤਾ ਜਾਂ ਆਰਥਿਕ ਆਪਸੀ ਨਿਰਭਰਤਾ ਹੁੰਦੀ ਹੈ"।-ਰੈਸਟ

### ਖੇਤਰੀ ਸੰਗਠਨ (Regional Organisations)

ਇਕ ਖੇਤਰੀ ਵਿਵਸਥਾ ਦੋ ਜਾਂ ਇਸ ਤੋਂ ਵੱਧ ਰਾਜਾਂ ਵਿਚਕਾਰ ਇਕ ਲੰਮੇ ਸਮੇਂ ਦਾ ਸਮਝੌਤਾ ਹੁੰਦਾ ਹੈ ਜੋ ਖਾਸ ਹਾਲਤਾਂ ਵਿਚ ਰਾਜਨੀਤਿਕ, ਸੈਨਿਕ ਅਤੇ ਆਰਥਿਕ ਕ੍ਰਿਆ ਵਿਚ ਮਿਲਵਰਤਨ ਪੈਦਾ ਕਰਨ ਵਿਚ ਸਹਾਇਕ ਹੁੰਦਾ ਹੈ

ਅਤੇ ਆਪਣੇ ਖੇਤਰ ਜਾਂ ਆਪਣੇ ਰਾਜਾਂ ਲਈ ਆਪਸੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ। ਕਈ ਵਾਰ ਖੇਤਰੀ ਸੰਗਠਨ ਦੇ ਪੈਦਾ ਹੋਣ ਦਾ ਕਾਰਨ ਕਿਸੇ ਝਗੜੇ ਦਾ ਸ਼ਾਂਤੀਪੂਰਨ ਹਲ ਲੱਭਣਾ ਵੀ ਹੁੰਦਾ ਹੈ। ਇਸ ਤੋਂ ਇਲਾਵਾ ਆਰਥਿਕ ਅਤੇ ਸਭਿਆਚਾਰਕ ਸਬੰਧਾਂ ਦੇ ਲਈ ਵੀ ਕਈ ਸੰਗਠਨ ਹੋਂਦ ਵਿਚ ਆਉਂਦੇ ਹਨ।

ਖੇਤਰੀ ਸੰਗਠਨਾਂ ਦਾ ਉਦੇਸ਼ ਇਕ ਵੱਖਰੀ ਕਿਸਮ ਦੀ ਰਾਜਨੀਤਿਕ ਹੋਂਦ ਪੈਦਾ ਕਰਨਾ ਅਤੇ ਉਨ੍ਹਾਂ ਰਾਜਾਂ ਦੇ ਸਮੂਹ ਵਿਚ ਆਪਸੀ ਸਹਿਯੋਗ ਸਥਾਪਿਤ ਕਰਨਾ ਵੀ ਹੁੰਦਾ ਹੈ ਜਿਹੜੇ ਕਿ ਭੂਗੋਲਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਹਿੱਤਾਂ ਕਰਕੇ ਇਕ ਦੂਜੇ ਨੂੰ ਆਪਣੇ ਨਾਲ ਜੁੜਿਆ ਮਹਿਸੂਸ ਕਰਦੇ ਹੋਣ। ਅੰਤਰ-ਰਾਸ਼ਟਰੀ ਸਬੰਧਾਂ ਵਿਚ ਖੇਤਰੀਵਾਦ ਦੀਆਂ ਬਹੁਤ ਉਦਾਹਰਨਾਂ ਮਿਲਦੀਆਂ ਹਨ ਜੋ ਆਪਣੇ ਰਾਸ਼ਟਰਾਂ ਦੇ ਸਾਂਝੇ ਹਿੱਤਾਂ ਨੂੰ ਪ੍ਰਾਪਤ ਕਰਨ ਦੇ ਲਈ ਗਤੀਸ਼ੀਲ ਹਨ। ਇਕ ਖੇਤਰੀ ਪ੍ਰਬੰਧ ਸੈਨਿਕ, ਆਰਥਿਕ, ਰਾਜਨੀਤਿਕ, ਬਹੁਪੱਖੀ ਅਤੇ ਫਿਰ ਬਹੁਪੱਖੀ ਉਦੇਸ਼ਾਂ ਵਾਲੇ ਸੰਗਠਨ ਹੋ ਸਕਦੇ ਹਨ। ਹਰੇਕ ਸੰਗਠਨ ਆਪਣੇ ਇਕ ਪ੍ਰਬੰਧਕੀ ਢਾਂਚੇ ਅਧੀਨ ਕੰਮ ਕਰਦਾ ਹੈ। ਆਧੁਨਿਕ ਖੇਤਰੀ ਸੰਗਠਨ, ਜਿਹੜੇ 1945 ਦੀ ਦੂਜੀ ਵਿਸ਼ਵ ਜੰਗ ਤੋਂ ਬਾਅਦ ਹੋਂਦ ਵਿਚ ਆਏ, ਨੂੰ ਲਿਨ (Lynn) ਅਤੇ ਐਚ.ਮਿੱਲਰ (H.Miller) ਨੇ ਤਿੰਨ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੈ :

1. **ਸਹਿਯੋਗੀ ਸੰਗਠਨ :** ਇਸ ਵਿਚ ਅਰਬ ਲੀਗ, ਅਫ਼ਰੀਕੀ ਸਹਿਯੋਗ ਸੰਗਠਨ ਅਤੇ ਅਮਰੀਕੀ ਰਾਜਾਂ ਦਾ ਸੰਗਠਨ ਆਦਿ ਸ਼ਾਮਿਲ ਹਨ।
2. **ਸੰਧੀਆਂ :** ਇਸ ਵਿਚ 'ਉੱਤਰੀ ਐਟਲਾਂਟਿਕ ਸੰਧੀ ਸੰਗਠਨ' (NATO) ਅਤੇ ਵਾਰਸਾ ਪੈਕਟ (Warsaw Treaty Organisation) ਆਦਿ ਸ਼ਾਮਿਲ ਹਨ।
3. **ਕ੍ਰਿਆਸ਼ੀਲ ਸੰਗਠਨ :** ਇਸ ਦੇ ਅਧੀਨ ਯੂਰਪੀ ਆਰਥਿਕ ਭਾਈਚਾਰਾ (EEC) ਹੁਣ ਯੂਰਪੀਅਨ ਯੂਨੀਅਨ (EU), ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਦਾ ਸੰਗਠਨ-ਆਸਿਆਨ (ASEAN) ਅਤੇ ਦੱਖਣੀ ਏਸ਼ੀਆਈ ਖੇਤਰੀ ਸਹਿਯਗ ਸੰਗਠਨ (SAARC) ਆਦਿ ਸ਼ਾਮਿਲ ਹਨ। ਇਹਨਾਂ ਦਾ ਉਦੇਸ਼ ਸਮਾਜਿਕ, ਆਰਥਿਕ ਜਾਂ ਸਭਿਆਚਾਰਕ ਖੇਤਰ ਵਿਚ ਸਹਿਯੋਗ ਕਰਨਾ ਹੁੰਦਾ ਹੈ ਅਤੇ ਇਹ ਸੈਨਿਕ ਖੇਤਰ ਵਿਚ ਆਦਾਨ-ਪ੍ਰਦਾਨ ਨਹੀਂ ਕਰਦੇ।

**ਵਿਸ਼ੇਸ਼ਤਾਵਾਂ (Features)**

ਖੇਤਰੀ ਸੰਗਠਨਾਂ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ। ਨਾਰਮਨ ਜੇ.ਪੈਡਲਫੋਰਡ (Norman J. Padelford) ਨੇ ਆਪਣੇ ਖੋਜ-ਪੱਤਰ 'ਖੇਤਰੀ ਸੰਗਠਨਾਂ ਵਿਚ ਕੁਝ ਨਵੇਂ ਵਿਕਾਸ' (Recent Developments in Regional Organisations) ਵਿਚ ਖੇਤਰੀ ਸੰਗਠਨ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੱਸੀਆਂ ਹਨ :

1. ਮੈਂਬਰ ਦੇਸ਼ਾਂ ਵਿਚਕਾਰ ਆਪਸੀ ਮੱਤਭੇਦਾਂ ਦਾ ਨਿਪਟਾਰਾ ਕਰਨਾ।
2. ਆਜ਼ਾਦ ਸੰਸਥਾਵਾਂ ਨੂੰ ਮੱਦਦ ਦੇਣਾ।
3. ਕਿਸੇ ਬਾਹਰੀ ਖਤਰੇ ਨੂੰ ਮੈਂਬਰ ਦੇਸ਼ਾਂ ਵਿਚ ਸਾਂਝਾ ਕਰਨਾ।
4. 'ਕਿਸੇ ਇਕ ਮੈਂਬਰ ਦੇਸ਼ ਉਪਰ ਤੇ ਹਮਲਾ ਉਨ੍ਹਾਂ ਸਾਰਿਆਂ ਲਈ ਖਤਰਾ' ਦੇ ਵਿਚਾਰ ਪ੍ਰਤੀ ਸਹਿਮਤੀ ਪੈਦਾ ਕਰਨਾ।
5. ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਦੀ ਉਲੰਘਣਾ ਦੀ ਕਿਸੇ ਕਾਰਵਾਈ ਨੂੰ ਸਵੀਕਾਰ ਨਾ ਕਰਨਾ।

**ਖੇਤਰੀ ਸੁਰੱਖਿਆ (Regional Security)**

ਅੰਤਰਰਾਸ਼ਟਰੀ ਸੰਬਧਾਂ ਵਿੱਚ 'ਖੇਤਰੀ ਸੁਰੱਖਿਆ' ਦੇ ਸਿਧਾਂਤ ਦਾ ਅਕਸਰ ਹੀ ਜ਼ਿਕਰ ਕੀਤਾ ਜਾਂਦਾ ਹੈ। ਪਰ ਇਥੇ ਦਸਣਾ ਉਚਿਤ ਹੋਵੇਗਾ ਕਿ ਖੇਤਰੀ ਸੁਰੱਖਿਆ ਲਈ ਵੱਖ-ਵੱਖ ਦੇਸ਼ਾਂ ਨੇ ਕਈ ਤਰਾਂ ਦੇ ਸਮਝੌਤੇ ਕੀਤੇ ਹਨ ਅਤੇ ਕਈ ਅੰਤਰਰਾਸ਼ਟਰੀ ਸੰਗਠਨ ਵੀ ਬਣੇ ਹੋਏ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਖੇਤਰੀ ਸੁਰੱਖਿਆ ਅਤੇ ਸਹਿਯੋਗ ਲਈ ਬਣੇ ਸੰਗਠਨਾਂ ਦੀ ਭਰਮਾਰ ਰਹੀ ਹੈ ਅਤੇ ਖੇਤਰੀ ਸੁਰੱਖਿਆ ਦੇ ਸਿਧਾਂਤ ਬਾਰੇ ਅਕਾਦਮਿਕ ਵਿਦਵਾਨਾਂ, ਰਾਜਨੀਤਿਕ ਮਾਹਿਰਾਂ ਅਤੇ ਪੱਤਰਕਾਰੀ ਦੇ ਮਾਹਿਰਾਂ ਵਲੋਂ ਵੀ ਕਾਫੀ ਲਿਖਿਆ ਗਿਆ ਹੈ। ਜਦੋਂ ਅਸੀਂ ਖੇਤਰੀ ਸੁਰੱਖਿਆ ਦੀ ਗਲ ਕਰਦੇ ਹਾਂ ਤਾਂ ਮੁੱਖ ਰੂਪ ਵਿਚ ਤਿੰਨ ਮਨੌਤਾਂ (assumptions) ਆਉਂਦੀਆਂ ਹਨ ਕਿ (1) ਬਾਹਰੀ ਤਾਕਤਾਂ ਦੀ ਉਸ ਖੇਤਰ ਵਿਚ ਦਿਲਚਸਪੀ ਅਤੇ ਉਸ ਖੇਤਰ ਦੇ ਰਾਜਾਂ ਵਲੋਂ ਬਾਹਰੀ ਤਾਕਤਾਂ ਦਾ ਮਿਲ ਕੇ ਵਿਰੋਧ ਕਰਨਾ ਅਤੇ ਆਪਸੀ ਸਹਿਯੋਗ ਨਾਲ

ਉਸ ਬਾਹਰੀ ਤਾਕਤ ਨੂੰ ਖੇਤਰੀ ਮਾਮਲਿਆਂ ਵਿਚ ਦਖਲ ਦੇਣ ਤੋਂ ਰੋਕਣਾ; (2) ਕਿ ਖੇਤਰੀ ਰਾਜ ਆਪਸੀ ਸਹਿਯੋਗ ਨਾਲ ਨਸਲੀ, ਜਾਤੀ, ਆਰਥਿਕ, ਸਮਾਜਿਕ ਅਤੇ ਸੈਨਿਕ ਝਗੜਿਆਂ ਦਾ ਮਿਲ ਕੇ ਸਾਹਮਣਾ ਕਰਨਗੇ ਅਤੇ ਇਹਨਾਂ ਝਗੜਿਆਂ ਦਾ ਆਪਸੀ ਗਲਬਾਤ ਨਾਲ ਹਲ ਕਰਨਗੇ, ਭਾਵੇਂ ਉਹ ਇਹਨਾਂ ਝਗੜਿਆਂ ਨੂੰ ਪੂਰੀ ਤਰਾਂ ਸੁਲਝਾ ਹੀ ਨਾ ਸਕਣ; (3) ਅਤੇ ਇਹ ਕਿ ਖੇਤਰੀ ਰਾਜਾਂ ਦੇ ਆਪਸੀ ਝਗੜਿਆਂ ਨੂੰ ਸੁਲਝਾਉਣ ਲਈ ਸਾਧਨ (mechanism) ਉਪਲਬਧ ਹਨ ਜੋ ਕਿ ਆਪਸੀ ਝਗੜਿਆਂ ਨੂੰ ਹੱਲ ਕਰਨ ਵਿਚ ਸਹਾਈ ਹੋ ਸਕਦੇ ਹਨ।

ਖੇਤਰੀ ਸੁਰੱਖਿਆ ਸਿਸਟਮ ਆਪਸੀ ਸੁਰੱਖਿਆ ਲਈ ਬਣਾਇਆ ਹੋਇਆ ਇਕ ਅੰਤਰਰਾਸ਼ਟਰੀ ਸਮਝੌਤਾ ਹੈ। ਅਸਲ ਵਿਚ ਖੇਤਰੀ ਸੁਰੱਖਿਆ ਦਾ ਸਿਧਾਂਤ 'ਸਾਮੂਹਿਕ ਸੁਰੱਖਿਆ' ਦੇ ਸਿਧਾਂਤ ਵਿਚੋਂ ਹੀ ਨਿਕਲਿਆ ਹੈ। ਜ਼ਿਆਦਾਤਰ ਤੀਜੀ ਦੁਨੀਆਂ ਦੇ ਖੇਤਰੀ ਸੁਰੱਖਿਆ ਦੇ ਸਿਧਾਂਤ ਯੂਰਪੀ ਜਾਂ ਪੱਛਮੀ ਦੇਸ਼ਾਂ ਦੁਆਰਾ ਬਣਾਏ ਗਏ ਸੁਰੱਖਿਆ ਸਮਝੌਤਿਆਂ ਦੇ ਸਿਧਾਂਤਾਂ ਤੇ ਹੀ ਆਧਾਰਿਤ ਹਨ। ਖੇਤਰੀ ਸੁਰੱਖਿਆ ਸਿਧਾਂਤ ਦੀ ਸ਼ੁਰਆਤ ਲੇਖਕ 'ਵੈਸਟਾਫਾਲੀਆ ਦੀ ਸੰਧੀ-1648' (Treaty of Westaphalia-1648) ਤੋਂ ਹੀ ਹੋਈ ਸਮਝਦੇ ਹਨ।

**ਸੈਨਿਕ ਗੱਠਜੋੜ (Military Alliances)**

ਅੰਤਰਰਾਸ਼ਟਰੀ ਸਬੰਧਾਂ ਦੇ ਵਿਦਵਾਨ ਅਤੇ ਮਾਹਿਰ ਖੇਤਰੀ ਸੁਰੱਖਿਆ ਲਈ ਅਤੇ ਖਤਰਿਆਂ ਨਾਲ ਨਜਿੱਠਣ ਲਈ ਸੈਨਿਕ ਸੰਧੀਆਂ ਨੂੰ ਇਕ ਬਹੁਤ ਹੀ ਮਹੱਤਵਪੂਰਣ ਸਾਧਨ ਮੰਨਦੇ ਹਨ। ਰਾਜਾਂ ਵਿਚਕਾਰ ਸੈਨਿਕ ਸਹਿਯੋਗ ਲਈ ਸੈਨਿਕ ਗਠਜੋੜ (military alliances) ਇਕ ਸਭ ਤੋਂ ਮਹੱਤਵਪੂਰਣ ਤਰੀਕਾ ਹੈ। ਜੇਕਰ ਅੰਕੜਿਆਂ ਤੇ ਨਿਗਾਹ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਪਿਛਲੀਆਂ ਦੋ ਸਦੀਆਂ ਵਿਚਕਾਰ ਸੈਨਿਕ ਗਠਜੋੜਾਂ ਅਤੇ ਉਹਨਾਂ ਦੇ ਆਕਾਰ ਵਿਚ ਲਗਾਤਾਰ ਬਦਲਾਅ ਆਉਂਦਾ ਰਿਹਾ ਹੈ। ਦਿਲਚਸਪੀ ਦੀ ਗਲ ਇਹ ਵੀ ਹੈ ਕਿ ਸੈਨਿਕ ਗੱਠਜੋੜ ਬਣਾਉਣ, ਉਹਨਾਂ ਵਿਚ ਬਦਲਾਅ ਜਾਂ ਭੰਗ ਕਰਨ ਵਿਚ ਵੱਡੀਆਂ ਤਾਕਤਾਂ ਦਾ ਕਾਫੀ ਯੋਗਦਾਨ ਰਿਹਾ ਹੈ। ਉਦਾਹਰਣ ਦੇ ਤੌਰ ਤੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਅਤੇ ਠੰਢੀ ਦੋਰਾਨ ਕਈ ਸੈਨਿਕ ਗਠਜੋੜਾਂ ਦਾ ਜਨਮ ਹੋਇਆ ਜਿਵੇਂ ANZUS Pact, SEATO, CENTO, WTO ਅਤੇ NATO ਆਦਿ ਪਰ ਇਨ੍ਹਾਂ ਵਿਚੋਂ NATO ਨੂੰ ਛੱਡ ਕੇ ਬਾਕੀ ਸਾਰੇ ਹੀ ਸੈਨਿਕ ਸੰਗਠਨ ਖਤਮ ਹੋ ਚੁੱਕੇ ਹਨ। ਸੈਨਿਕ ਸਹਿਯੋਗ ਵਿਚ ਖੇਤਰਾਂ ਦੇ ਪ੍ਰਚਲਿਤ ਸੰਸਕ੍ਰਿਤਿਕ, ਆਰਥਿਕ ਅਤੇ ਇਤਿਹਾਸਿਕ ਪਿਛੋਕੜ ਵੀ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੇ ਹਨ।

ਮੌਜੂਦਾ ਸਮੇਂ ਵਿਚ ਜੇਕਰ ਅੰਤਰਰਾਸ਼ਟਰੀ ਵਾਤਾਵਰਣ ਤੇ ਗੌਰ ਕੀਤਾ ਜਾਵੇ ਤਾਂ ਪਤਾ ਚਲਦਾ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਸੈਨਿਕ ਗੱਠਜੋੜਾਂ ਦੀ ਗਿਣਤੀ ਵਿਚ ਲਗਾਤਾਰ ਘਾਟਾ ਹੋ ਰਿਹਾ ਹੈ ਪਰ ਖੇਤਰੀ ਪੱਧਰ ਤੇ ਬਹੁਪੱਖੀ ਸੁਰੱਖਿਆ ਅਤੇ ਵਿਕਾਸ ਲਈ ਸੈਨਿਕ ਗਠਜੋੜਾਂ ਦੀ ਮਹੱਤਤਾ ਵਿਚ ਵਾਧਾ ਹੋ ਰਿਹਾ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਕਿਨ੍ਹੇ ਹੀ ਸੈਨਿਕ ਸੰਗਠਨ ਹੋਂਦ ਵਿਚ ਆਏ ਪਰ ਸ਼ਾਇਦ ਵੱਡੀਆਂ ਤਾਕਤਾਂ ਦੇ ਜ਼ਿਆਦਾ ਦਬਾਅ ਪਾਉਣ ਕਾਰਣ ਉਹ ਖਤਮ ਹੋ ਗਏ। ਆਰਥਿਕ ਕਾਰਣ ਵੀ ਇਸ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ ਅਤੇ ਇਸੇ ਕਾਰਣ ਰਾਜ ਸੈਨਿਕ ਗੱਠਜੋੜ ਬਣਾਉਣ ਵਿਚ ਘੱਟ ਦਿਲਚਸਪੀ ਲੈਂਦੇ ਹਨ। ਪਰ ਖੇਤਰੀ ਸੈਨਿਕ ਅਤੇ ਆਰਥਿਕ ਗਠਜੋੜ ਬਣਾਉਣ ਪਿਛ ਸੁਰੱਖਿਆ, ਆਰਥਿਕ ਸਹਿਯੋਗ, ਸ਼ਾਂਤੀ ਅਤੇ ਸਥਿਰਤਾ ਆਦਿ ਦਾ ਵੀ ਮਹੱਤਵਪੂਰਣ ਰੋਲ ਹੁੰਦਾ ਹੈ। ਇਕ ਖਾਸ ਖੇਤਰ ਦੇ ਸਾਰੇ ਦੇਸ਼ਾਂ ਜਾਂ ਕਈ ਹਾਲਤਾਂ ਵਿਚ ਬਾਹਰੀ ਤਾਕਤਾਂ ਦੇ ਸਹਿਯੋਗ ਨਾਲ ਰਲ ਕੇ ਵੀ ਸੈਨਿਕ ਗਠਜੋੜ ਬਣਾਏ ਜਾਂਦੇ ਹਨ। ਜਿਹੜੇ ਕੁਝ ਮੁੱਢਲੇ ਸਿਧਾਂਤਾਂ ਤੇ ਆਧਾਰਿਤ ਹੁੰਦੇ ਹਨ ਜੋ ਕਿ ਹੇਠ ਲਿਖੇ ਹੋ ਸਕਦੇ ਹਨ :

- ਸਹਿਯੋਗੀ ਦੇਸ਼ ਸ਼ਾਂਤੀਪੂਰਣ ਰਿਸ਼ਤੇ ਬਣਾਈ ਰੱਖਣ ਦੀ ਘੋਸ਼ਣਾ ਕਰਦੇ ਹਨ;
- ਇਕ ਦੂਜੇ ਵਿਰੁੱਧ ਤਾਕਤ ਦਾ ਇਸਤੇਮਾਲ ਨਾ ਕਰਨ ਦੀ ਪ੍ਰਤੀਬੱਧਤਾ ਕਰਦੇ ਹਨ;
- ਖੇਤਰ ਵਿਚਲੇ ਤਨਾਅ ਅਤੇ ਅਸਥਿਰਤਾ ਪੈਦਾ ਕਰਨ ਵਾਲੇ ਮੁੱਦਿਆਂ ਦੇ ਸ਼ਾਂਤੀਪੂਰਣ ਹੱਲ ਕੱਢਣ ਲਈ ਸਹਿਯੋਗ ਕਰਨ ਦੀ ਗਲ ਕਰਦੇ ਹਨ;
- ਮੈਂਬਰ ਦੇਸ਼ ਆਪਸੀ ਸਹਿਯੋਗ ਵਧਾਉਣ ਅਤੇ ਸਾਂਝੀਆ ਸੁਰੱਖਿਆ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਜਤਨ ਕਰਦੇ ਹਨ ਤੇ ਰਾਜ਼ੀ ਹੁੰਦੇ ਹਨ; ਅਤੇ

- ਉਹ ਭਵਿੱਖ ਵਿਚ ਪੈਦਾ ਹੋਣ ਵਾਲੇ ਖਤਰਿਆਂ ਨਾਲ ਨਜਿੱਠਣ ਲਈ ਸਾਂਝੇ ਕਦਮ ਅਤੇ ਨੀਤੀਆਂ ਬਣਾਉਂਦੇ ਹਨ। ASEAN, OSCE, GCC ਅਤੇ SCO ਇਸਦੀਆਂ ਪ੍ਰਮੁੱਖ ਉਦਾਹਰਣਾਂ ਹਨ।

**ਸੈਨਿਕ ਗਠਜੋੜ ਅਤੇ ਸਾਮੂਹਿਕ ਸੁਰੱਖਿਆ (Security Alliances and Collective Security)**

ਸੈਨਿਕ ਗਠਜੋੜ (Security Alliances) ਅਸਲ ਵਿਚ ਸਾਮੂਹਿਕ ਸੁਰੱਖਿਆ ਦੀ ਭਾਵਨਾ ਵਿਚੋਂ ਹੀ ਉਪਜੇ ਹਨ। ਸਾਮੂਹਿਕ ਸੁਰੱਖਿਆ, ਭਾਵੇਂ ਉਹ ਖੇਤਰੀ ਪੱਧਰ ਦੀ ਹੋਵੇ ਜਾਂ ਅੰਤਰਰਾਸ਼ਟਰੀ ਪੱਧਰ ਤੇ, ਵਿਚ ਹਰ ਦੇਸ਼, ਜੋ ਉਸ ਗਠਜੋੜ ਦਾ ਮੈਂਬਰ ਹੈ, ਉਹ ਇਸ ਗਲ ਨੂੰ ਸਵੀਕਾਰ ਕਰਦਾ ਹੈ ਕਿ ਕਿਸੇ ਇਕ ਮੈਂਬਰ ਰਾਜ ਦੀ ਸੁਰੱਖਿਆ ਸਾਰੇ ਮੈਬਰਾਂ ਲਈ ਚੁਣੌਤੀ ਪੈਦਾ ਕਰਦੀ ਹੈ ਅਤੇ ਉਹ ਇਸ ਗਲ ਲਈ ਰਾਜ਼ੀ ਹੁੰਦੇ ਹਨ ਕਿ ਉਸ ਖਤਰੇ ਦਾ ਸਾਹਮਣਾ ਸਾਮੂਹਿਕ ਸੁਰੱਖਿਆ ਰਾਹੀਂ ਹੀ ਕੀਤਾ ਜਾ ਸਕਦਾ ਹੈ।

ਸਾਮੂਹਿਕ ਸੁਰੱਖਿਆ ਦੀ ਵਿਚਾਰ ਸਭ ਤੋਂ ਪਹਿਲਾਂ 1629 ਵਿਚ ਕਾਰਡੀਨਲ ਰਿਸ਼ਲਿਉ (Cardinal Richlieu) ਨੇ ਦਿੱਤਾ ਸੀ ਅਤੇ ਵੈਸਟਾਫਾਲੀਆਂ ਦੀ ਸੰਧੀ ਤੇ ਉਸਦੇ ਵਿਚਾਰਾਂ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਜਿਉਂ-2 ਨੇਸ਼ਨ-ਸਟੇਟ (Nation-State) ਸਿਸਟਮ ਦਾ ਵਿਕਾਸ ਹੁੰਦਾ ਗਿਆ। ਸੈਨਿਕ ਸੁਰੱਖਿਆ ਲਈ ਅੰਤਰਰਾਸ਼ਟਰੀ ਸਬੰਧਾਂ ਵਿਚ ਸੈਨਿਕ ਗਠਜੋੜਾਂ ਦੀ ਮਹੱਤਤਾ ਵਿਚ ਵੀ ਵਾਧਾ ਹੁੰਦਾ ਗਿਆ। ਇਸ ਸਬੰਧੀ ਅੰਤਰਰਾਸ਼ਟਰੀ ਰਾਜਨੀਤੀ ਅਤੇ ਅੰਤਰਰਾਸ਼ਟਰੀ ਸਬੰਧਾਂ ਦੇ ਮਾਹਿਰਾਂ ਵਲੋਂ ਬਹੁਤ ਕੁਝ ਲਿਖਿਆ ਗਿਆ ਹੈ। ਸੈਨਿਕ ਗਠਜੋੜ ਪੁਰਾਤਨ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤਕ ਅੰਤਰਰਾਸ਼ਟਰੀ ਸਬੰਧਾਂ ਵਿਚ ਮੁਖ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਨਿਭਾਉਂਦੇ ਰਹਿਣਗੇ। ਜਾਰਜ ਲਿਸਕਾ ਅਨੁਸਾਰ, "ਸੈਨਿਕ ਗਠਜੋੜਾਂ ਦਾ ਜ਼ਿਕਰ ਕੀਤਿਆਂ ਬਿਨਾਂ ਅੰਤਰਰਾਸ਼ਟਰੀ ਸਬੰਧਾਂ ਬਾਰੇ ਬੋਲਣਾ ਨਾਮੁਮਕਿਨ ਹੈ; ਨਾਂ ਤੋਂ ਇਲਾਵਾ ਇਹ ਇਕ ਦੂਜੇ ਵਿਚ ਸਮਾਏ ਹੋਏ ਹਨ।" (It is impossible to speak of international relations without referring to alliances, the two often merge in all but name"-George Liska)।ਵੈਬਸਟਰ ਐਨਸਾਈਕਲੋਪੀਡਿਕ ਡਿਕਸ਼ਨਰੀ ਅਨੁਸਾਰ ਗੱਠਜੋੜ ਦਾ ਮਤਲਬ ਹੈ :

(ੳ) ਰਾਜਾਂ ਦਾ ਆਪਸ ਵਿਚ ਜੁੜੇ ਹੋਣਾ।
(ਅ) ਪਰਿਵਾਰ, ਪਾਰਟੀਆਂ ਅਤੇ ਵੱਖਰੇ ਤੌਰ ਤੇ ਆਪਸੀ ਸਾਂਝ ਜਾਂ ਸੰਬਧ।
(ੳ) ਸਾਂਝੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਦੋ ਜਾਂ ਦੋ ਤੋਂ ਵੱਧ ਰਾਜਾਂ ਦੁਆਰਾ (ਜਾਂ ਸੰਧੀ ਕਰਕੇ) ਕੀਤਾ ਗਿਆ ਸਹਿਯੋਗ।
(ਅ) ਗਠਜੋੜ ਸੰਧੀ।

ਪਰ ਇਥੇ ਇਕ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗਠਜੋੜ ਦੋ ਜਾਂ ਦੋ ਤੋਂ ਵੱਧ ਦੇਸ਼ਾਂ ਦੁਆਰਾ ਕਾਇਮ ਕੀਤਾ ਗਿਆ ਆਪਸੀ ਰਿਸ਼ਤਾ ਹੈ।

ਗਠਜੋੜ (Alliance) ਸ਼ਬਦ ਫਰਾਂਸੀਸੀ ਭਾਸ਼ਾ ਵਿਚ 17ਵੀਂ ਸਦੀ ਵਿਚ ਉਭਰਿਆ ਸੀ ਜਿਸਦੇ ਨਾਲ ਮਿਲਦਾ ਜੁਲਦਾ ਸ਼ਬਦ 'Allianz' ਵੀ ਜਰਮਨ ਭਾਸ਼ਾ ਵਿਚ ਇਸਤੇਮਾਲ ਕੀਤਾ ਜਾਂਦਾ ਸੀ। ਪਰ ਜੇ ਹੋਰ ਪਿਛਾਂਹ ਨਿਗ੍ਹਾ ਮਾਰੀਏ ਤਾਂ ਅਸਲ ਵਿਚ ਇਸ ਸ਼ਬਦ ਨੂੰ ਲੈਟਿਨ ਸ਼ਬਦ 'Alligare' ਤੋਂ ਲਿਆ ਗਿਆ ਹੈ ਜਿਸਦਾ ਮਤਲਬ 'ਜੁੜਨਾ' (to bind) ਜਾਂ ਜੋੜਨਾ (to combine) ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਖੇਤਰੀਵਾਦ ਕੋਈ ਨਵਾਂ ਸਿਧਾਂਤ ਨਹੀਂ ਹੈ। ਇਹ ਪੁਰਾਣੇ ਗ੍ਰੀਸ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ। ਪੰਜਵੀਂ ਸਦੀ ਈ.ਪੂ. ਵਿਚ ਏਥਨਜ਼ ਲੀਗ ਅਤੇ ਆਧੁਨਿਕ ਸਮੇਂ ਵਿਚ ਨੈਪੋਲੀਅਨ ਦੀ ਜੰਗਾਂ ਵਿਚ ਖੇਤਰੀਵਾਦ ਦੀ ਝਲਕ ਸਾਫ ਦਿਖਾਈ ਦਿੰਦੀ ਹੈ। 1945 ਤੋਂ ਪਹਿਲਾਂ ਬਣੇ ਤਿੰਨ-ਪੱਖੀ ਗਠਜੋੜ (1882) (Tripple Alliance-1882, ਤਿੰਨ ਪੱਖੀ ਸਮਝੌਤਾ-1907 (Tripple Entente-1907) ਆਦਿ ਇਸ ਦੀਆਂ ਆਧੁਨਿਕ ਉਦਾਹਰਣਾਂ ਹਨ।

**ਖੇਤਰੀ ਸਹਿਯੋਗ (Regional Cooperation)**

ਖੇਤਰੀ ਸਹਿਯੋਗ ਇਕ ਅਜਿਹੀ ਅਵਸਥਾ ਹੈ ਜਿਸ ਵਿਚ ਕਈ ਦੇਸ਼ ਜਾਂ ਖੇਤਰੀ ਸੰਸਥਾਵਾ (Institutions) ਕੁਝ ਨਿਯਮਾਂ ਅਨੁਸਾਰ ਆਪਸੀ ਸਹਿਯੋਗ ਕਾਇਮ ਕਰਨ ਲਈ ਸਮਝੌਤੇ ਕਰਦੇ ਹਨ। ਇਹਨਾਂ ਸਮਝੋਤਿਆਂ ਦੇ ਉਦੇਸ਼

ਆਰਥਿਕ, ਰਾਜਨੀਤਿਕ ਜਾਂ ਸੱਸਕ੍ਰਿਤਕ ਖੇਤਰ ਵਿਚ ਸਹਿਯੋਗ ਕਰਨਾ ਹੋ ਸਕਦੇ ਹਨ। ਪਰ ਇਸ ਤਰ੍ਹਾਂ ਦੇ ਖੇਤਰੀ ਸਹਿਯੋਗ ਨੂੰ 'ਰਾਜਨੀਤਿਕ ਆਰਥਿਕਤਾ' (Political Economy) ਨਾਲ ਜੋੜ ਕੇ ਵੇਖਿਆ ਜਾਂਦਾ ਹੈ ਅਤੇ ਦੇਸ਼ ਇਹਨਾਂ ਨੂੰ ਮੁਢਲੇ ਤੌਰ ਤੇ ਆਪਣੇ ਸਮਾਜਿਕ, ਰਾਜਨੀਤਿਕ ਅਤੇ ਸੁਰੱਖਿਆ ਉਦੇਸ਼ਾਂ ਦੀ ਪ੍ਰਾਪਤੀ ਦਾ ਸਾਧਨ ਮੰਨ ਕੇ ਚਲਦੇ ਹਨ। ਇਸ ਤੋਂ ਇਲਾਵਾ ਖੇਤਰੀ ਸਹਿਯੋਗ ਰਾਹੀਂ ਕਿਸੇ ਇਕ ਖਾਸ ਖੇਤਰ ਦੇ ਦੇਸ਼ ਆਪਸੀ ਵਪਾਰ ਅਤੇ ਨਿਵੇਸ਼ ਵਧਾ ਕੇ ਅਤੇ ਭਰੋਸਾ ਬਣਾਉ ਸਾਧਨਾਂ ਰਾਹੀਂ ਆਪਸੀ ਝਗੜਿਆਂ ਦਾ ਹਲ ਕਰਨ ਲਈ ਜਾਂ ਹੋਰ ਮੁੱਦਿਆਂ ਜਿਵੇਂ ਪ੍ਰਦੂਸ਼ਣ, ਵਾਤਾਵਰਣ ਆਦਿ ਸਮੱਸਿਆਵਾਂ ਦਾ ਸਮਾਧਾਨ ਕਰ ਸਕਦੇ ਹਨ। ਖੇਤਰੀ ਸਹਿਯੋਗ ਦੇ ਹੇਠ ਲਿਖੇ ਮਹੱਤਵਪੂਰਣ ਕੰਮ ਹੋ ਸਕਦੇ ਹਨ:

1. ਖੇਤਰ ਵਿਚ ਆਪਸੀ ਵਪਾਰ ਵਿਚ ਵਾਧਾ ਕੀਤਾ ਜਾ ਸਕਦਾ ਹੈ।
2. ਨਿੱਜੀ ਖੇਤਰ ਵਿਚ ਨਿਵੇਸ਼ ਦੀਆਂ ਸੰਭਾਵਨਾਵਾਂ ਦਾ ਸੁਖਾਵਾਂ ਮਾਹੋਲ ਬਣਾਇਆ ਜਾ ਸਕਦਾ ਹੈ।
3. ਆਰਥਿਕ ਵਿਕਾਸ ਨਾਲ ਆਧਾਰ ਭੂਤ ਢਾਂਚੇ ਵਿਚ ਵਿਕਾਸ ਕੀਤਾ ਜਾ ਸਕਦਾ ਹੈ।
4. ਆਪਸੀ ਗਲਬਾਤ ਰਾਹੀਂ ਦੇਸ਼ਾਂ ਵਿਚ ਝਗੜਿਆਂ ਦਾ ਸ਼ਾਂਤੀਪੂਰਣ ਹਲ ਕੱਢਿਆ ਜਾ ਸਕਦਾ ਹੈ।
5. ਸਰਹੱਦੀ ਖੇਤਰ ਵਿਚ ਨਸ਼ੀਲੇ ਪਦਾਰਥਾਂ ਦੀ ਤੱਸਕਰੀ ਤੇ ਹੋਰ ਗੈਰ ਕਾਨੂੰਨੀ ਕੰਮਾਂ ਤੇ ਰੋਕ ਲਾਈ ਜਾ ਸਕਦੀ ਹੈ।
6. ਯੁੱਧ ਵਰਗੀਆਂ ਸਥਿਤੀਆਂ ਤੋਂ ਬੱਚਿਆ ਜਾ ਸਕਦਾ ਹੈ।
7. ਇਸ ਤੋਂ ਇਲਾਵਾ ਹੋਰ ਅੰਤਰਰਾਸ਼ਟਰੀ ਸੰਗਠਨਾਂ ਨਾਲ ਤਾਲਮੇਲ ਵਧਾ ਕੇ ਵਿਕਾਸ ਦੀ ਗਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਝਗੜਿਆਂ ਦੀ ਰੋਕਥਾਮ ਵਿਚ ਖੇਤਰੀ ਸਹਿਯੋਗ ਸਬੰਧੀ ਵਿਚਾਰਾਂ ਤੇ ਡੇਵਿਡ ਮਿਤਰਨੀ ਨੇ 1943 ਵਿਚ ਲਿਖਿਆ ਸੀ 'ਕਿ ਸਾਡੇ ਸਮੇਂ ਦੀ ਮੁੱਖ ਸਮੱਸਿਆ ਦੇਸ਼ਾਂ ਨੂੰ ਸ਼ਾਂਤੀਪੂਰਣ ਢੰਗਾਂ ਨਾਲ ਕਿਵੇਂ ਇਕ ਦੂਜੇ ਲੜਨ ਤੋਂ ਰੋਕਿਆ ਜਾਵੇ ਦੀ ਨਹੀਂ ਹੈ ਬਲਕਿ ਉਹਨਾਂ ਨੂੰ ਸਹਿਯੋਗ ਲਈ ਕਿਵੇਂ ਇਕੱਠੇ ਕੀਤਾ ਜਾਵੇ ਦੀ ਹੈ।' ਪਰ ਕਈ ਵਿਚਾਰਕਾਂ ਅਨੁਸਾਰ ਹੁਣ ਸਮੱਸਿਆ ਇਹ ਨਹੀਂ ਹੈ ਕਿ ਉਹਨਾਂ ਨੂੰ ਇਕੱਠਿਆਂ ਕਿਵੇਂ ਕੀਤਾ ਜਾਵੇ ਬਲਕਿ ਉਹਨਾਂ ਵਿਚਕਾਰ ਚੰਗੇ ਰਿਸ਼ਤਿਆਂ ਨੂੰ ਕਿਸ ਤਰ੍ਹਾਂ ਕਾਇਮ ਰਖਿਆ ਜਾਵੇ ਅਤੇ ਉਹਨਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਿਵੇਂ ਕੀਤਾ ਜਾਵੇ ਦੀ ਹੈ।

ਮੌਜੂਦਾ ਸਮੇਂ ਅੰਤਰਰਾਸ਼ਟਰੀ ਸਬੰਧਾਂ ਵਿਚ ਖੇਤਰੀ ਸਹਿਯੋਗ ਸੰਗਠਨ ਬਹੁਤ ਹੀ ਮਹੱਤਵਪੂਰਣ ਅਤੇ ਅਸਰਦਾਰ ਭੂਮਿਕਾ ਨਿਭਾ ਰਹੇ ਹਨ। ਇਸ ਤੋਂ ਇਲਾਵਾ ਖੇਤਰੀ ਸਹਿਯੋਗ ਸੰਗਠਨਾਂ ਨੇ ਖੇਤਰੀ ਅਤੇ ਰਾਜਨੀਤਿਕ ਝਗੜਿਆਂ ਦੇ ਹਲ ਵਿਚ ਕਈ ਸ਼ਲਾਘਾਯੋਗ ਕੰਮ ਕੀਤੇ ਹਨ। ਉਦਾਹਰਣ ਦੇ ਤੌਰ ਤੇ ਯੂਰਪੀ ਯੂਨੀਅਨ, ਯੂਰਪੀ ਕੋਇਲਾ ਅਤੇ ਸਟੀਲ ਯੂਨਿਅਨ, ਆਸਿਆਨ, ਏਸ਼ੀਆ ਪੈਸੀਫਿਕ ਆਰਥਿਕ ਸਹਿਯੋਗ ਅਤੇ ਉੱਤਰੀ ਅਮਰੀਕਾ ਮੁਕਤ ਵਪਾਰ ਖੇਤਰ (NAFTA) ਆਦਿ ਪ੍ਰਮੁੱਖ ਹਨ।

ਸੰਯੁਕਤ ਰਾਸ਼ਟਰ ਸੰਘ ਵੀ ਖੇਤਰੀ ਸਹਿਯੋਗ ਸੰਗਠਨਾਂ ਨੂੰ ਝਗੜਿਆਂ ਦੇ ਹਲ ਲਈ ਮਹੱਤਵਪੂਰਣ ਸਾਧਨ ਵਜੋਂ ਵੇਖਦਾ ਹੈ। ਜ਼ਿਆਦਾਤਰ ਦੇਸ਼ ਵੀ ਖੇਤਰੀ ਸਹਿਯੋਗ ਸੰਗਠਨਾਂ ਨੂੰ ਝਗੜਿਆਂ ਦੀ ਰੋਕਥਾਮ ਦਾ ਅਸਰਦਾਰ ਤਰੀਕਾ ਮੰਨਦੇ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਝਗੜਿਆਂ ਦੀ ਰੋਕਥਾਮ ਵਿਚ ਅਤੇ ਸ਼ਾਂਤੀਪੂਰਣ ਸਹਿ-ਹੋਂਦ ਅਤੇ ਆਰਥਿਕ ਵਿਕਾਸ ਲਈ ਖੇਤਰੀ ਸਹਿਯੋਗ ਸੰਗਠਨਾਂ ਨੇ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਉਦਾਹਰਣ ਦੇ ਤੌਰ ਤੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਖੇਤਰੀ ਸਹਿਯੋਗ ਲਈ ਖੇਤਰੀ ਸੰਗਠਨ ਬਣਾਉਣ ਨੂੰ ਮਾਨ੍ਯਤਾ ਦਿੱਤੀ ਗਈ ਹੈ। ਚਾਰਟਰ ਦੇ ਆਰਟੀਕਲ 52 ਅਨੁਸਾਰ 'ਸਾਮੂਹਿਕ ਆਤਮ-ਰੱਖਿਆ ਲਈ ਖੇਤਰੀ ਪ੍ਰਬੰਧ ਕੀਤੇ ਜਾ ਸਕਦੇ ਹਨ।' ਭਾਵੇਂ ਚਾਰਟਰ ਵਿਚ ਇਸ ਦੀ ਪੂਰੀ ਤਰ੍ਹਾਂ ਵਿਆਖਿਆ ਨਹੀਂ ਕੀਤੀ ਗਈ ਹੈ ਕਿਉਂਕਿ ਦੇਸ਼ਾਂ ਵਿਚਕਾਰ ਆਰਥਿਕ, ਸਮਾਜਿਕ ਅਤੇ ਹੋਰਨਾਂ ਖੇਤਰਾਂ ਵਿਚ ਇਸ ਬਾਰੇ ਸਪਸ਼ਟ ਨਹੀਂ ਕੀਤਾ ਗਿਆ ਹੈ ਅਤੇ ਇਹ ਸਿਰਫ ਸੁਰੱਖਿਆ ਨਾਲ ਹੀ ਸਬੰਧਤ ਹੈ।

ਅੰਤਰਰਾਸ਼ਟਰੀ ਸਬੰਧਾਂ ਦੇ ਕਈ ਵਿਦਵਾਨਾਂ ਜਿਵੇਂ ਇਰਨੈਸਟ ਹਾਸ, ਜੋਸਫ਼ ਨਾਇ ਨੇ ਆਪਣੇ ਮਹੱਤਵਪੂਰਣ ਕੰਮ ਵਿਚ ਖੇਤਰੀ ਸਹਿਯੋਗ ਅਤੇ ਝਗੜਿਆਂ ਦੇ ਪ੍ਰਬੰਧਨ (Conflict Management) ਬਾਰੇ ਲਿਖਦਿਆਂ ਕਿਹਾ ਹੈ ਕਿ ਅੰਤਰਰਾਸ਼ਟਰੀ ਝਗੜਿਆਂ ਦਾ ਖੇਤਰੀ ਸਹਿਯੋਗ ਨਾਲ ਵਧੀਆ ਤਰੀਕੇ ਨਾਲ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਲਈ

ਖੇਤਰੀ ਸਹਿਯੋਗ, ਅੰਤਰਰਾਸ਼ਟਰੀ ਸਬੰਧਾਂ ਵਿਚ ਝਗੜਿਆਂ ਦੀ ਰੋਕਥਾਮ ਅਤੇ ਆਪਸੀ ਆਰਥਿਕ ਸਹਿਯੋਗ ਲਈ, ਇਕ ਮਹੱਤਵਪੂਰਣ ਸਾਧਨ ਬਣ ਗਿਆ ਹੈ।

ਠੰਢੀ ਜੰਗ ਦੇ ਖਾਤਮੇ ਤੋਂ ਬਾਅਦ ਖੇਤਰੀ ਸੁਰੱਖਿਆ ਅਤੇ ਸਹਿਯੋਗ ਲਈ ਦੇਸ਼ਾਂ ਦੇ ਰੁਝਾਨ ਵਿਚ ਵਾਧਾ ਹੋਇਆ ਹੈ।ਆਪਸੀ ਨਿਰਭਰਤਾ ਵੀ ਇਸ ਦੇ ਮੁੱਖ ਕਾਰਣਾਂ ਵਿਚੋਂ ਇਕ ਹੈ। ਵਿਸ਼ਵ ਦੇ ਲਗਭਗ ਸਾਰੇ ਹੀ ਦੇਸ਼ ਅੱਤਵਾਦ, ਘੱਟ ਵਿਕਾਸ ਦਰ ਅਤੇ ਮਾੜੀ ਆਰਥਿਕਤਾ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸ਼ਾਇਦ ਇਸੇ ਕਾਰਣ ਹੀ ਦੇਸ਼ ਖੇਤਰੀ ਸਹਿਯੋਗ ਨਾਲ ਇਹਨਾਂ ਸਮੱਸਿਆਵਾਂ ਨਾਲ ਕਾਬੂ ਪਾਉਣਾ ਚਾਹੁੰਦੇ ਹਨ ਤੇ ਕਾਮਯਾਬ ਵੀ ਹੋ ਰਹੇ ਹਨ। ਇਸ ਲਈ ਜੇਕਰ ਭਵਿੱਖ ਵਿਚ ਲੰਮੇ ਸਮੇਂ ਲਈ ਸ਼ਾਂਤੀ, ਸੁਰੱਖਿਆ ਅਤੇ ਆਰਥਿਕ ਸਥਿਰਤਾ ਦਾ ਮਾਹੌਲ ਬਣਾਉਣਾ ਹੈ ਤਾਂ ਖੇਤਰੀ ਸਹਿਯੋਗ ਨਿਸ਼ਚਿਤ ਹੀ ਇਕ ਮਹੱਤਵਪੂਰਣ ਸਾਧਨ ਹੋਵੇਗਾ।

ਪਾਠ ਨੰਬਰ : 1.2

ਪਿਛਲੇ ਪਾਠ ਵਿਚ ਅਸੀ ਰਾਸ਼ਟਰੀ ਸੁਰੱਖਿਆ (National Security) ਅਤੇ ਇਸਦੇ ਤੱਤਾਂ ਦਾ ਅਧਿਐਨ ਕੀਤਾ ਸੀ ਕਿ ਕਿਸ ਤਰ੍ਹਾਂ ਇਹ ਤੱਤ ਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਅੰਤਰ-ਰਾਸ਼ਟਰੀ ਸੰਸਥਾ ਵਿਚ ਇਹਨਾਂ ਦੀ ਕੀ ਮਹੱਤਤਾ ਹੈ। ਹੁਣ ਅਸੀ ਸੰਸਾਰ ਵਿਚ ਬਣੀਆਂ ਵੱਖ-ਵੱਖ ਆਰਥਿਕ ਅਤੇ ਸੈਨਿਕ ਸੰਧੀਆਂ ਬਾਰੇ ਪੜ੍ਹਾਂਗੇ ਅਤੇ ਵੇਖਾਂਗੇ ਕਿ ਇਹਨਾਂ ਸੰਧੀਆਂ ਦੀ ਅੰਤਰਰਾਸ਼ਟਰੀ ਸੰਬੰਧਾਂ ਵਿਚ ਕੀ ਮਹੱਤਤਾ ਹੈ ਅਤੇ ਇਹਨਾਂ ਸਬੰਧਾਂ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਜਿਵੇਂ ਕਿ ਸਾਨੂੰ ਪਤਾ ਹੈ ਕਿ ਸੰਸਾਰ ਧੜਿਆਂ ਵਿਚ ਵੰਡਿਆ ਹੋਇਆ ਹੈ ਅਤੇ ਹਰ ਧੜੇ ਨੇ ਆਪਣਾ ਆਪਣਾ ਸੰਗਠਨ ਬਣਾਇਆ ਹੋਇਆ ਹੈ। ਕਿਸੇ ਸੰਗਠਨ ਦਾ ਰੂਪ ਆਰਥਿਕ ਹੈ ਅਤੇ ਕਿਸੇ ਦਾ ਸੈਨਿਕ। ਇਸ ਪੇਪਰ ਵਿਚ ਅਸੀਂ ਇਹਨਾਂ ਬਾਰੇ ਵਿਸਥਾਰ ਸਹਿਤ ਪੜ੍ਹਾਂਗੇ।

## 1. ਉੱਤਰੀ ਐਟਲਾਂਟਿਕ ਸੰਧੀ ਸੰਗਠਨ
## (North Atlantic Treaty Organisation)

**ਭੂਮਿਕਾ**

26 ਜੂਨ, 1945 ਨੂੰ ਦੂਜੀ ਵਿਸ਼ਵ ਜੰਗ ਦੌਰਾਨ ਨਾਜ਼ੀ ਜ਼ਰਮਨੀ ਦੀ ਹਾਰ ਤੋਂ ਬਾਅਦ ਅਤੇ ਜਾਪਾਨ ਦੇ ਸਮਰਪਣ (Surrender) ਤੋਂ ਕੁਝ ਹਫ਼ਤੇ ਪਹਿਲਾਂ ਲਗਪਗ ਪੰਜਾਹ ਦੇਸ਼ਾਂ ਦੇ ਨੁਮਾਇੰਦਿਆਂ ਨੇ ਸਨ-ਫਰਾਂਸਿਸਕੋ (San Fransisco) ਵਿਖੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਉਤੇ ਇਸ ਉਮੀਦ ਨਾਲ ਦਸਤਖ਼ਤ ਕੀਤੇ ਕਿ ਮਨੁੱਖਤਾ ਦੇ ਇਤਿਹਾਸ ਦਾ ਸਭ ਤੋਂ ਖ਼ਤਰਨਾਕ ਸਮਾਂ ਲੰਘ ਚੁਕਿਆ ਹੈ ਅਤੇ ਸ਼ਾਂਤੀ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਣ ਜਾ ਰਿਹਾ ਹੈ। ਪਰ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਇੱਕ ਵਾਰ ਪਹਿਲਾਂ ਵੀ ਲੀਗ ਆਫ਼ ਨੇਸ਼ਨਜ਼ (League of Nations) ਅਧੀਨ ਸਾਂਝੀ ਸੁਰੱਖਿਆ ਦਾ ਸਿਸਟਮ ਫੇਲ੍ਹ ਹੋ ਚੁਕਿਆ ਹੈ। ਪਰ ਇਸ ਵਾਰੀ ਹਾਲਾਤ ਵੱਖਰੇ ਸਨ। ਵਿਸ਼ਵ ਦੀਆਂ ਮਹਾਨ ਜੇਤੂ ਸ਼ਕਤੀਆਂ ਇਸ ਨਵੇਂ ਅੰਤਰਰਾਸ਼ਟਰੀ ਸੰਗਠਨ ਦੇ ਮੈਂਬਰ ਸਨ ਜਿਹਨਾਂ ਕੋਲ ਸੰਸਾਰ ਦੀ ਤਾਕਤ ਅਤੇ ਧਨ ਸੀ। ਪਰ ਅਚਾਨਕ ਇਹ ਸ਼ਾਂਤੀ ਅਸਥਾਈ ਲੱਗਣ ਲੱਗੀ। ਪੱਛਮੀ ਦੇਸ਼ਾਂ ਨੇ ਆਪਣੇ-ਆਪ ਨੂੰ ਇੱਕ ਨਵੇਂ ਖ਼ਤਰੇ ਵਿਚ ਉਲਝਿਆ ਮਹਿਸੂਸ ਕੀਤਾ। ਇਹ ਖ਼ਤਰਾ ਸੀ ਸੋਵੀਅਤ ਯੂਨੀਅਨ ਦੀਆਂ ਪ੍ਰਸਾਰ ਨੀਤੀਆਂ ਦਾ। ਦੂਜੀ ਸੰਸਾਰ ਜੰਗ ਵਿਚ ਮਿੱਤਰ ਸ਼ਕਤੀਆਂ (Allied Powers) ਦੀ ਜਿੱਤ ਹੋਈ। ਸਟਾਲਿਨ ਨੇ ਕਮਿਊਨਿਜ਼ਮ ਨੂੰ ਫੈਲਾਉਣ ਦੇ ਲਈ ਵਿਸਥਾਰਵਾਦੀ ਨੀਤੀ ਅਪਣਾਈ। ਫਿਨਲੈਂਡ, ਪੋਲੈਂਡ, ਚੈਕੋਸਲਾਵਾਕੀਆ ਅਤੇ ਜਰਮਨੀ ਦੇ ਭਾਗ ਰੂਸ ਦੁਆਰਾ ਜਿੱਤ ਲਏ ਗਏ ਸਨ। ਕਮਿਊਨਿਸਟਾਂ ਦੇ ਸ਼ਕਤੀਸ਼ਾਲੀ ਹੋ ਜਾਣ ਦੇ ਨਾਲ ਸੰਸਾਰ ਵਿਚ ਬੇਚੈਨੀ ਅਤੇ ਸ਼ੱਕ ਦੀ ਭਾਵਨਾ ਪੈਦਾ ਹੋ ਗਈ ਸੀ। ਪਰ ਪੱਛਮੀ ਲੋਕਰਾਜੀ ਦੇਸ਼ ਦੂਜੀ ਸੰਸਾਰ ਜੰਗ ਤੋਂ ਬਾਅਦ ਇਹ ਉਮੀਦ ਕਰ ਰਹੇ ਸਨ ਕਿ ਉਹ ਸੁਰੱਖਿਆ ਦੇ ਪੜਾਅ ਵਿਚ ਦਾਖ਼ਲ ਹੋ ਰਹੇ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਸੰਯੁਕਤ ਰਾਸ਼ਟਰ ਸੰਘ ਜੋ ਕਿ ਨਵਾਂ ਬਣਿਆ ਸੀ, ਸੰਸਾਰ ਨੂੰ ਸ਼ਾਂਤੀ ਅਤੇ ਤਨਾਅ ਰਹਿਤ ਦੁਨੀਆਂ ਵਲ ਲਿਜਾ ਸਕਦਾ ਸੀ। ਪਰ ਰੂਸ ਦੁਆਰਾ ਵੀਟੋ ਸ਼ਕਤੀ ਦੀ ਗਲਤ ਵਰਤੋਂ ਨੇ ਇਸ ਭਰੋਸੇ ਨੂੰ ਝੂਠਾ ਸਾਬਤ ਕਰ ਦਿੱਤਾ ਸੀ। ਜਿਸ ਤਰੀਕੇ ਰੂਸ ਨੇ 1949 ਵਿਚ ਬਰਲਿਨ ਘਰੇਲੂ ਜੰਗ ਭੜਕਾਈ ਸੀ, ਨੇ ਪੱਛਮੀ ਸ਼ਕਤੀਆਂ ਦਾ ਵਿਸ਼ਵਾਸ਼ ਸੰਯੁਕਤ ਰਾਸ਼ਟਰ ਸੰਘ ਤੋਂ ਉਠਾ ਦਿੱਤਾ ਸੀ। ਉਨ੍ਹਾਂ ਨੂੰ ਇਹ ਵਿਸ਼ਵਾਸ਼ ਹੋ ਗਿਆ ਸੀ ਕਿ ਅੰਤਰ-ਰਾਸ਼ਟਰੀ ਝਗੜਿਆਂ ਵਿਚ ਸੰਯੁਕਤ, ਰਾਸ਼ਟਰ ਸੰਘ ਅਸਰਦਾਰ ਨਹੀਂ ਹੈ।

ਪੱਛਮੀ ਦੇਸ਼ਾਂ ਦੀ ਖਰਾਬ ਹੋ ਰਹੀ ਆਰਥਿਕ ਵਿਵਸਥਾ ਅਤੇ ਰੂਸ ਦੇ ਵਿਸਥਾਰਵਾਦੀ ਰਵੱਈਏ ਨੇ ਵੀ ਪੱਛਮੀ ਤਾਕਤਾਂ ਨੂੰ ਸੁਰੱਖਿਆ ਲਈ ਇੱਕਠੇ ਹੋਣ ਲਈ ਮਜ਼ਬੂਰ ਕੀਤਾ। ਇਕੱਠੇ ਹੋਣ ਦਾ ਵਿਚਾਰ ਪਹਿਲੀ ਵਾਰ 17 ਮਾਰਚ, 1948 ਨੂੰ ਹੋਈ ਬਰੱਸਲਜ਼ (Brussels) ਦੀ ਸੰਧੀ ਵਿਚ ਪਹਿਲੀ ਵਾਰ ਆਇਆ ਸੀ। ਇਸ ਸੰਧੀ ਵਿਚ ਬਰਤਾਨੀਆ, ਫਰਾਂਸ, ਬੈਲਜ਼ੀਅਮ, ਨੀਦਰਲੈਂਡ ਅਤੇ ਲਗਜਮਬਰਗ ਮੈਂਬਰ ਸਨ। ਇਸ ਸੰਧੀ ਦਾ ਮਕਸਦ ਸਿਰਫ ਆਰਥਿਕ ਅਤੇ ਸਮਾਜਿਕ ਹੀ ਨਹੀਂ ਸੀ ਬਲਿਕ ਆਪਸੀ ਸੁਰੱਖਿਆ ਨੂੰ ਵੀ ਮਜ਼ਬੂਤ ਬਣਾਉਣਾ ਸੀ। ਇਸ ਸੰਧੀ ਦੇ ਕਿਸੇ ਮੈਂਬਰ ਕੋਲ ਇੰਨੇ ਆਰਥਿਕ ਸਾਧਨ ਅਤੇ ਉਦਯੋਗਿਕ ਸ਼ਕਤੀ ਨਹੀਂ ਸੀ ਕਿ ਜੋ ਪੱਛਮੀ

ਯੂਰਪ ਵਿਚ ਪੈਦਾ ਹੋਏ ਅਸੰਮਤੋਲ (Imbalance) ਨੂੰ ਠੀਕ ਕਰ ਸਕੇ। ਇਸ ਤਰ੍ਹਾਂ ਸਾਧਨਾਂ ਦੀ ਕਮੀ ਨੇ ਇਨ੍ਹਾਂ ਦੇਸ਼ਾਂ ਨੂੰ ਸਾਂਝੀ ਸੁਰੱਖਿਆ ਦੇ ਵਿਚਾਰ ਲਈ ਕੈਨੇਡਾ ਅਤੇ ਅਮਰੀਕਾ ਨਾਲ ਸਾਂਝਾ ਵਿਚਾਰ ਕਰਨ ਲਈ ਮਜ਼ਬੂਰ ਕੀਤਾ। ਪਹਿਲੀ ਵਾਰੀ ਇਸ ਮਸਲੇ ਦੇ ਉਪਰ 6 ਜੁਲਾਈ, 1949 ਨੂੰ ਵਾਸ਼ਿੰਗਟਨ ਵਿਚ ਕੈਨੇਡਾ, ਅਮਰੀਕਾ ਅਤੇ ਬਰੱਸਲਜ਼ ਸੰਧੀ ਦੇ ਦੇਸ਼ਾਂ ਵਿਚਕਾਰ ਵਿਚਾਰ ਵਟਾਂਦਰਾ ਹੋਇਆ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਵਿਚ ਹੋਈਆਂ ਗੱਲਬਾਤਾਂ ਨਾਲ ਉੱਤਰੀ ਐਟਲਾਂਨਟਿਕ ਸੰਧੀ ਸੰਗਠਨ (North Atlantic Treaty Organisation) ਹੋਂਦ ਵਿਚ ਆਇਆ। ਇਸ ਤਰ੍ਹਾਂ ਅਮਰੀਕਾ, ਕੈਨੇਡਾ, ਇਟਲੀ, ਆਈਸਲੈਂਡ, ਡੈਨਮਾਰਕ, ਨੌਰਵੇ, ਪੁਰਤਗਾਲ, ਬਰਤਾਨੀਆ, ਲਗਜ਼ਮਬਰਗ, ਬੈਲਜੀਅਮ ਅਤੇ ਨੀਦਰਲੈਂਡ ਦੇ ਨੁਮਾਇੰਦਿਆਂ ਵਿਚਕਾਰ 4 ਅਪ੍ਰੈਲ, 1949 ਨੂੰ ਵਾਸ਼ਿੰਗਟਨ ਵਿਚ ਇਸ ਸੰਧੀ ਤੇ ਦਸਤਖ਼ਤ ਕੀਤੇ ਗਏ। ਬਾਅਦ ਵਿਚ ਗਰੀਸ ਅਤੇ ਤੁਰਕੀ 1952 ਵਿਚ ਅਤੇ ਪੱਛਮੀ ਜਰਮਨੀ 1955 ਵਿਚ ਨਾਟੋ ਸੰਗਠਨ ਵਿਚ ਸ਼ਾਮਲ ਹੋ ਗਏ।

ਪਹਿਲਾਂ ਤਾਂ ਇਸ ਸੰਧੀ ਦੇ ਮੈਂਬਰਾਂ ਦਾ ਇਰਾਦਾ ਸੀ ਕਿ ਇਹ ਸੰਧੀ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਅਧੀਨ ਹੀ ਹੋਣੀ ਚਾਹੀਦੀ ਹੈ। ਇਸ ਦੇ ਮੁੱਖ ਉਦੇਸ਼ ਹੇਠ ਲਿਖੇ ਹਨ :


1) ਉੱਤਰੀ ਐਂਟਲਾਂਟਿਕ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣਾ।
2) ਖੇਤਰੀ ਇਕਮੁੱਠਤਾ, ਰਾਜਨੀਤਿਕ ਆਜ਼ਾਦੀ ਅਤੇ ਸੁਰੱਖਿਆ, ਚਾਹੇ ਉਸ ਕਿਸੇ ਵੀ ਮੈਂਬਰ ਦੀ ਹੋਵੇ, ਬਾਰੇ ਇਕੱਠੇ ਵਿਚਾਰ ਵਟਾਂਦਰਾ ਕਰਨਾ।
3) ਆਜ਼ਾਦੀ, ਲੋਕਾਂ ਦੀ ਸਾਂਝੀ ਵਿਰਾਸਤ ਅਤੇ ਸਭਿਅਤਾ ਅਤੇ ਲੋਕ ਰਾਜੀ ਸਿਧਾਂਤਾਂ ਦੀ ਰੱਖਿਆ ਕਰਨੀ।
4) ਸ਼ਕਤੀ ਨੂੰ ਆਪਣੀ ਅਤੇ ਸਾਂਝੀ ਮਦਦ ਨਾਲ ਉੱਪਰ ਚੁੱਕਣਾ।

ਨਾਟੋ ਇੱਕ ਅਜਿਹਾ ਸੰਗਠਨ ਹੈ ਜਿਸ ਵਿਚ ਹਰੇਕ ਮੈਂਬਰ ਆਪਣੀ ਪੂਰੀ ਰਾਸ਼ਟਰੀ ਪ੍ਰਭੂਸੱਤਾ (Sovereignty) ਰਖਦਾ ਹੈ। ਨਾਟੋ (NATO) ਵਿਚ ਉੱਤਰੀ ਐਂਟਲਾਂਟਿਕ ਕੌਂਸਿਲ (North Atlantic Council) ਹੈ। ਇਸ ਵਿਚ 15 ਮਿੱਤਰ ਦੇਸ਼ ਹਨ। ਸੁਰੱਖਿਆ, ਵਿੱਤੀ, ਆਰਥਿਕ ਅਤੇ ਵਿਦੇਸ਼ੀ ਮਾਮਲੇ ਅਖ਼ੀਰ ਵਿਚ ਕੌਂਸਲ ਦੁਆਰਾ ਹੀ ਪ੍ਰਵਾਨ ਕੀਤੇ ਜਾਂਦੇ ਹਨ। ਮੰਤਰੀ ਕੌਂਸਲ ਪੱਕੇ ਨੁਮਾਇੰਦੇ ਦੇ ਤੌਰ ਤੇ ਮਿਲਦੀ ਰਹਿੰਦੀ ਹੈ। ਮੰਤਰੀ ਪੱਧਰ ਦੀ ਮੀਟਿੰਗ ਸਾਲ ਵਿਚ ਦੋ ਜਾਂ ਤਿੰਨ ਵਾਰੀ ਹੁੰਦੀ ਹੈ। ਪਰ ਪੱਕੇ ਨੁਮਾਇੰਦੇ ਹਫ਼ਤੇ ਵਿਚ ਇੱਕ ਜਾਂ ਦੋ ਵਾਰੀ ਮਿਲਦੇ ਹਨ। ਕੌਂਸਲ ਦੀ ਮੀਟਿੰਗ ਦਾ ਚੇਅਰਮੈਨ ਸੈਕਟਰੀ ਜਨਰਲ (Secretary General) ਹੁੰਦਾ ਹੈ। ਕੌਂਸਲ ਦੇ ਸੈਸ਼ਨ ਦੀ ਪ੍ਰਧਾਨਗੀ ਮੈਂਬਰ ਦੇਸ਼ਾਂ ਦੇ ਵਿਦੇਸ਼ੀ ਮੰਤਰੀ ਕਰਦੇ ਹਨ। ਪ੍ਰਧਾਨਗੀ ਵਰਣਾਤਮਕ (Alphabetical) ਆਧਾਰ ਤੇ ਸਾਲਾਨਾ ਘੁੰਮਦੀ ਰਹਿੰਦੀ ਹੈ। ਕੌਂਸਲ ਮਿਲੇ-ਜੁਲੇ ਸਾਰੇ ਤਰ੍ਹਾਂ ਦੇ ਫੈਸਲੇ ਲੈਂਦੀ ਹੈ। ਇਸ ਤੋਂ ਬਿਨ੍ਹਾਂ ਸਾਰੀਆਂ ਕਮੇਟੀਆਂ ਦੇ ਅਸਿਸਟੈਂਟ ਸੈਕਟਰੀ ਜਰਨਲ ਹੁੰਦੇ ਹਨ। ਕਮੇਟੀਆਂ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ, ਉਹ ਹਨ ਸਿਵਲ ਅਤੇ ਮਿਲਟਰੀ। ਸਿਵਲ ਵਿਚ ਅੰਤਰਰਾਸ਼ਟਰੀ ਸਟਾਫ਼, ਰਾਜਨੀਤਿਕ ਮਾਮਲਿਆਂ ਦਾ ਵਿਭਾਗ, ਆਰਥਿਕ ਅਤੇ ਵਿਤੀ ਮਾਮਲਿਆਂ ਦਾ ਵਿਭਾਗ, ਪੈਦਾਵਾਰ ਵਿਭਾਗ, ਸਾਇੰਸ ਸਲਾਹਕਾਰ ਦਾ ਦਫ਼ਤਰ, ਅਗਜ਼ੈਕਟਿਵ ਸੈਕਟਰੀ (Executive Secretary) ਦਾ ਦਫ਼ਤਰ ਅਤੇ ਸਿਵਲ ਐਮਰਜੈਂਸੀ ਯੋਜਨਾਬੰਦੀ ਦਫ਼ਤਰ ਮੁੱਖ ਹਨ।

ਸਿਵਲ ਦੀ ਤਰ੍ਹਾਂ ਨਾਟੋ ਦੇ ਮਿਲਟਰੀ ਕੰਮਾਂ ਲਈ ਵੀ ਅਨੇਕਾਂ ਭਾਗ ਹਨ। ਮਿਲਟਰੀ ਭਾਗ ਦੇ ਨਾਲ ਸਾਡਾ ਸੰਬੰਧ ਜ਼ਿਆਦਾ ਹੋਣ ਕਰਕੇ ਅਸੀਂ ਇਸ ਭਾਗ ਦਾ ਕੁਝ ਵਿਸਥਾਰ ਨਾਲ ਅਧਿਐਨ ਕਰਾਂਗੇ। ਨਾਟੋ ਦੇ ਮਿਲਟਰੀ ਢਾਂਚੇ ਵਿਚ, ਮਿਲਟਰੀ ਕਮੇਟੀ ਸਥਾਈ (Standing Group) ਗਰੁੱਪ ਕਮਾਂਡਾਂ ਅਤੇ ਖੇਤਰੀ ਯੋਜਨਾਬੰਦੀ ਗੁਰੁੱਪ ਮੁੱਖ ਹਨ।

ਨਾਟੋ ਸੈਨਿਕ ਸੰਗਠਨ

**(NATO-Military Organisation)**




1. **ਮਿਲਟਰੀ ਕਮੇਟੀ (Military Committee)**

ਇਹ ਮਿਲਟਰੀ ਭਾਗ ਦਾ ਸੱਭ ਤੋਂ ਮਹੱਤਵਪੂਰਣ ਅੰਗ ਹੈ। ਮੈਂਬਰ ਦੇਸ਼ਾਂ ਦੀਆਂ ਸੈਨਾਵਾਂ ਦੇ ਮੁਖੀ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ। ਸਿਵਲ ਢਾਂਚੇ ਦੀ ਤਰ੍ਹਾਂ ਇਸ ਦੀ ਚੇਅਰਮੈਨਸ਼ਿਪ ਮੈਂਬਰ ਦੇਸ਼ਾਂ ਵਿਚ ਵਰਣਾਤਮਿਕ (Alphabetical) ਆਧਾਰ 'ਤੇ ਘੁੰਮਦੀ ਰਹਿੰਦੀ ਹੈ। ਇਹ ਸਾਲ ਵਿਚ ਦੋ ਵਾਰੀ ਜਾਂ ਫਿਰ ਜਦੋਂ ਲੋੜ ਪੈਂਦੀ ਹੈ, ਮਿਲਦੀ ਰਹਿੰਦੀ ਹੈ। ਇਸ ਦਾ ਮੁੱਖ ਕੰਮ ਮਿਲਟਰੀ ਮਸਲਿਆਂ ਬਾਰੇ ਆਪਣੇ ਅਧੀਨ ਅਧਿਕਾਰੀਆਂ ਨੂੰ ਸਿਫਾਰਸ਼ਾਂ ਭੇਜਣਾ ਹੈ।

2. **ਸਥਾਈ ਗਰੁੱਪ (Standing Group)**

ਇਹ ਮਿਲਟਰੀ ਕਮੇਟੀ ਦੀ ਐਗਜ਼ੈਕਟਿਵ ਏਜੰਸੀ ਹੁੰਦੀ ਹੈ ਜੋ ਯੁੱਧਨੀਤਿਕ ਖੇਤਰਾਂ ਦੇ ਬਾਰੇ ਇਸ ਕਮੇਟੀ ਦੀ ਰਹਿਨੁਮਾਈ ਕਰਦੀ ਹੈ।

3. **ਕਮਾਂਡ (The Commands)**

ਨਾਟੋ ਦੇ ਖੇਤਰ ਦੀਆਂ ਕਮਾਂਡਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੋਇਆ ਹੈ :-

ੳ) ਯੂਰਪੀ ਕਮਾਂਡ **(The European Command)** :- ਇਹ ਉੱਤਰੀ ਕੈਂਪ (North Camp) ਤੋਂ ਉੱਤਰੀ ਅਫ਼ਰੀਕਾ ਐਟਲਾਂਟਿਕ ਤੋਂ ਤੁਰਕੀ ਦੇ ਪੱਛਮੀ ਸਰਹੱਦ ਤੱਕ ਫੈਲੀ ਹੋਈ ਹੈ। ਲੜਾਈ ਅਤੇ ਸ਼ਾਂਤੀ ਦੇ ਦੌਰਾਨ ਛੋਟੀਆਂ ਕਾਰਵਾਈਆਂ ਲਈ ਇਸਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੋਇਆ ਹੈ :-

1. ਉੱਤਰੀ-ਯੂਰਪ ਕਮਾਂਡ
2. ਦੱਖਣ-ਯੂਰਪ ਕਮਾਂਡ
3. ਮੱਧਯੂਰਪ ਕਮਾਂਡ
4. ਭੂਮੱਧ ਸਾਗਰੀ (Mediternian) ਕਮਾਂਡ

ਅ) **ਐਟਲਾਂਟਿਕ ਸਾਗਰ ਕਮਾਂਡ (Atlantic Command)** :- ਇਹ ਉੱਤਰੀ ਧੁਰੇ ਤੋਂ ਲੈ ਕੇ ਕਰਕ ਰੇਖਾ ਅਤੇ ਉੱਤਰੀ ਅਮਰੀਕਾ ਦੇ ਤੱਟੀ ਪਾਣੀਆਂ ਤੋਂ ਯੂਰਪ ਅਤੇ ਅਫ਼ਰੀਕਾ ਤੱਕ ਫੈਲੀ ਹੈ। ਇਸ ਦੇ ਹੇਠ ਲਿਖੇ ਭਾਗ ਹਨ :

1. ਪੱਛਮੀ ਐਟਲਾਂਟਿਕ ਕਮਾਂਡ
2. ਪੂਰਬੀ ਐਟਲਾਂਟਿਕ ਕਮਾਂਡ
3. ਪ੍ਰਭਾਵਸ਼ਾਲੀ ਬੇੜਾ (Striking Fleet)

ੲ) **ਚੈਨਲ ਕਮੇਟੀ ਅਤੇ ਚੈਨਲ ਕਮਾਂਡ (Channel Committee & Channel Command)**: ਚੈਨਲ ਕਮੇਟੀ ਵਿਚ ਬੈਲਜੀਅਮ, ਨੀਦਰਲੈਂਡ ਅਤੇ ਬਰਤਾਨੀਆਂ ਦੀਆਂ ਥਲ ਸੈਨਾਵਾਂ ਦੇ ਮੁਖੀ ਹੁੰਦੇ ਹਨ। ਚੈਨਲ ਕਮਾਂਡ ਚੈਨਲ ਕਮੇਟੀ ਦੇ ਅਧੀਨ ਕੰਮ ਕਰਦੀ ਹੈ। ਕਮਾਂਡ ਦੀ ਡਵੀਜਨ ਭੂਗੋਲਿਕ ਅਤੇ ਰਾਜਨੀਤਿਕ ਤੱਤਾਂ ਨੂੰ ਸਾਹਮਣੇ ਰੱਖ ਕੇ ਕੀਤੀ ਜਾਂਦੀ ਹੈ। ਕਮਾਂਡਰ ਦੀ ਸੁਰੱਖਿਆ ਲਈ ਯੋਜਨਾਬੰਦੀ, ਸੈਨਾਵਾਂ ਦੀ ਲਾਮਬੰਦੀ ਅਤੇ ਅਭਿਆਸ ਲਈ ਜ਼ੁੰਮੇਵਾਰੀ ਹੁੰਦੀ ਹੈ। ਇਸ ਸੰਗਠਨ ਵਿਚ ਲੜਾਈ ਸਮੇਂ ਆਪਸੀ ਸਹਿਯੋਗ ਲਈ ਕਾਫੀ ਲਚਕ ਹੈ। ਹਰੇਕ ਕਮਾਂਡ ਆਪਣੀ ਸੈਨਾ ਲਈ ਸੁਰੱਖਿਆ ਪ੍ਰਬੰਧ ਕਰਨ, ਉਨ੍ਹਾਂ ਨੂੰ ਹਥਿਆਰ ਦੇਣ ਲਈ ਅਤੇ ਸਥਾਈ ਗਰੁੱਪ ਨੂੰ ਸਿਫ਼ਾਰਸ਼ਾਂ ਭੇਜਣ ਲਈ ਜ਼ੁੰਮੇਵਾਰ ਹੁੰਦਾ ਹੈ।

ਸ) **ਕੈਨੇਡਾ, ਅਮਰੀਕਾ ਖੇਤਰੀ ਯੋਜਨਾ ਗੁਰੁੱਪ (Cananda, United States Regional Planning Group)** :- ਇਹ ਉਤੱਰੀ ਅਮਰੀਕਾ ਦੇ ਖੇਤਰ ਵਿਚ ਕਾਰਗਰ ਹੈ। ਇਹ ਕੈਨੇਡਾ ਅਮਰੀਕਾ ਦੀ ਰੱਖਿਆ ਦੇ ਲਈ ਸਥਾਈ ਗਰੁੱਪ ਦੇ ਰਾਹੀਂ ਮਿਲਟਰੀ ਕਮੇਟੀ ਨੂੰ ਯੋਜਨਾ ਦਿੰਦਾ ਹੈ।

ਇਨ੍ਹਾਂ ਉਪਰੋਕਤ ਚਾਰ ਭਾਗਾਂ ਤੋਂ ਬਿਨ੍ਹਾਂ ਅਸੀ (NATO) ਦੇ ਵਿਚ ਨਾਟੋ ਡਿਫੈਂਸ ਕਾਲਜ, ਪ੍ਰਮਾਣੀਕਰਨ (Standardization) ਅਤੇ ਸੰਸਾਰ ਏਜੰਸੀਆਂ ਇਸ ਦੇ ਫੌਜੀ ਢਾਂਚੇ ਵਿਚ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

**ਸੁਰੱਖਿਆ ਨੀਤੀ (Defence Strategy)**

ਪਹਿਲੇ ਪੰਜ ਸਾਲਾਂ ਵਿਚ ਨਾਟੋ ਦੇ ਮੈਂਬਰ ਦੇਸ਼ਾਂ ਨੇ ਰੂਸ ਦੇ ਵਿਸਥਾਰਵਾਦੀ ਰਵੱਈਏ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਨੀਤੀ ਅਪਣਾਈ। ਉਸ ਤੋਂ ਬਾਅਦ ਇਸ ਸੰਗਠਨ ਨੂੰ ਆਰਥਿਕ, ਰਾਜਨੀਤਿਕ, ਸਾਇੰਸ ਅਤੇ ਤਕਨੀਕੀ ਸਹਿਯੋਗ ਦੇ ਪੱਖ ਤੋਂ ਉਪਰ ਚੁੱਕਿਆ ਗਿਆ। ਇਸ ਨੂੰ ਇੱਕ ਯੂਨਿਟ ਬਣਾਉਣ ਦੇ ਲਈ ਮੈਂਬਰਾਂ ਨੇ ਇੱਕ ਦੂਜੇ ਦੀ ਪੂਰੀ ਮੱਦਦ ਕੀਤੀ। ਇਸ ਨਾਲ ਨਾਟੋ ਬਹੁਤ ਮਜ਼ਬੂਤ ਸੰਗਠਨ ਬਣ ਗਿਆ ਸੀ। ਸੁਰੱਖਿਆ ਦੇ ਖੇਤਰ ਵਿਚ ਵੀ ਇਸ ਦਾ ਬਹੁਤ ਯੋਗਦਾਨ ਰਿਹਾ। ਇੰਜ ਇਸ ਨੇ ਰੂਸ ਦੇ ਪੱਛਮ ਵੱਲ ਵੱਧਣ ਤੋਂ ਕਾਫੀ ਠੱਲ ਪਾ ਦਿੱਤੀ। ਸਟਾਲਿਨ ਦੀ ਮੌਤ ਤੋਂ ਬਾਅਦ ਇਸ ਦੇ ਰੂਸ ਨੂੰ ਆਪਣੀ ਨੀਤੀ ਬਦਲਣ ਦੇ ਲਈ ਮਜ਼ਬੂਰ ਕਰ ਦਿੱਤਾ ਸੀ। ਦੂਜੇ ਸ਼ਬਦਾਂ ਵਿਚ ਨਾਟੋ ਦੀ ਸਾਂਝੀ ਸ਼ਕਤੀ ਨੇ ਰੂਸ ਦੇ ਯੂਰਪ ਵਿਚ ਖੇਤਰੀ ਫਾਇਦੇ ਉਠਾਉਣ

ਤੋਂ ਰੋਕ ਦਿੱਤਾ ਸੀ ਅਤੇ ਆਪਣੀਆਂ ਨੀਤੀਆਂ ਨੂੰ ਮੁੜ ਕੇ ਵਿਚਾਰਨ ਦੇ ਲਈ ਮਜ਼ਬੂਰ ਕਰ ਦਿੱਤਾ ਸੀ।

ਨਾਟੋ ਨੇ ਰੂਸ ਨੂੰ ਵਧਣ ਤੋਂ ਰੋਕਣ ਦੇ ਲਈ ਅਤੇ ਇਹ ਜਚਾਉਣ ਲਈ ਕਿ ਲੜਾਈ ਦਾ ਕੋਈ ਫਾਇਦਾ ਨਹੀਂ ਹੈ, ਜ਼ਿਆਦਾ ਸਮਾਂ ਨਾਟੋ ਦੀ ਠੱਲ ਪਾਉਣ ਦੀ ਨੀਤੀ (Deterrence) ਤੇ ਚਲਦੀ ਰਹੀ। ਪਹਿਲੇ 10 ਸਾਲਾਂ ਵਿਚ ਨਾਟੋ ਪ੍ਰਤੀਰੋਧ ਦੀ ਨੀਤੀ (Retaliatory Strategy) ਤੇ ਚਲਦੀ ਰਹੀ। ਪ੍ਰਤੀਰੋਧ ਦੀ ਸ਼ਕਤੀ ਸਿੱਧੀ ਅਮਰੀਕਾ ਅਤੇ ਬਰਤਾਨੀਆ ਦੇ ਸਿੱਧੇ ਕਾਬੂ ਹੇਠ ਸੀ। ਪਰ ਇਸ ਨਾਲ ਨਾਟੋ ਰੂਸ ਦੇ ਕੁਝ ਕੁ ਹੀ ਮਿਲਟਰੀ ਆਧਾਰ ਖ਼ਤਮ ਕਰ ਸਕੀ ਸੀ। ਸ਼ੁਰੂ ਵਿਚ ਪ੍ਰਮਾਣੂ ਏਕਾਧਿਕਾਰ (Nuclear monopoly) ਨੇ ਉਨਾਂ ਨੂੰ ਦੁਸ਼ਮਣ ਦੇ ਵਿਰੁੱਧ ਕਾਫ਼ੀ ਫਾਈਦਾ ਦਿੱਤਾ ਸੀ। ਪਰ ਅਮਰੀਕਾ ਅਤੇ ਬਰਤਾਨੀਆ ਤੋਂ ਬਿਨ੍ਹਾਂ ਬਾਕੀ ਦੇਸ਼ ਰੂਸ ਦੇ ਸਿੱਧੇ ਹਮਲੇ ਤੋਂ ਅਸੁਰੱਖਿਅਤ ਸਨ। ਪਰ ਰੂਸ ਇਨ੍ਹਾਂ ਨਾਲੋਂ ਪ੍ਰੰਪਰਿਕ ਹਥਿਆਰਾਂ (Conventional Weapons) ਵਿਚ ਜ਼ਿਆਦਾ ਮਜ਼ਬੂਤ ਸੀ। ਰੂਸ ਕੋਲ ਪ੍ਰੰਪਰਿਕ ਹਥਿਆਰਾਂ ਦਾ ਜ਼ਿਆਦਾ ਗਿਣਤੀ ਵਿਚ ਹੋਣਾ ਅਤੇ ਅਮਰੀਕਾ ਅਤੇ ਬਰਤਾਨੀਆ ਦਾ ਪ੍ਰਮਾਣੂ ਹਥਿਆਰਾਂ ਤੇ ਸਿੱਧੇ ਕਾਬੂ ਨੇ ਨਾਟੋ ਦੇ ਹੋਰ ਮੈਂਬਰ ਦੇਸ਼ਾਂ ਵਿਚ ਗਲਤ ਫਹਿਮੀਆਂ ਪੈਦਾ ਕਰ ਦਿੱਤੀਆ ਸਨ। ਇਸ ਲਈ ਬਾਕੀ ਮੈਂਬਰ ਦੇਸ਼ਾਂ ਵਿਚ ਇਹ ਸ਼ੱਕ ਦਾ ਵਾਧਾ ਹੋ ਗਿਆ ਕਿ ਸਿੱਧੇ ਹਮਲੇ ਦੀ ਹਾਲਤ ਵਿਚ ਅਮਰੀਕਾ ਅਤੇ ਬਰਤਾਨੀਆ ਆਪਣੀ ਪ੍ਰਮਾਣੂ ਸ਼ਕਤੀ ਨੂੰ ਇਸਤੇਮਾਲ ਨਹੀਂ ਕਰਨਗੇ। ਇਸ ਨੂੰ ਦੂਰ ਕਰਨ ਦੇ ਲਈ ਉੱਤਰੀ ਐਂਟਲਾਂਟਿਕ ਕੌਂਸਲ ਨੇ ਸਤੰਬਰ 1950 ਵਿਚ ਤਿੰਨ ਮੁੱਖ ਫੈਸਲੇ ਲਏ ਸਨ। ਪਹਿਲਾ ਜਰਮਨਾਂ ਨੂੰ ਦੁਬਾਰਾ ਹਥਿਆਰ ਦੇਣੇ, ਅਗਾਂਹ ਵਧੂ (Forward Strategy) ਨੀਤੀ ਨੂੰ ਤਬਦੀਲ ਕਰਨਾ ਅਤੇ ਇੱਕ ਸੁਪਰੀਮ ਕਮਾਂਡ ਦੀ ਸਥਾਪਨਾ ਕਰਨਾ। ਇਸ ਤੋਂ ਬਿਨ੍ਹਾਂ ਹੋਰ ਪ੍ਰੋਗਰਾਮ ਵੀ ਬਣਾਇਆ ਗਿਆ ਜਿਸ ਵਿਚ ਹੈਡਕੁਆਰਟਰ ਬਣਾਉਣਾ, ਰਾਡਾਰ ਅਤੇ ਸਿਗਨਲ ਨੈਟਵਰਕ, ਹਵਾਈ ਅੱਡੇ ਬਨਾਉਣੇ ਅਤੇ ਆਪਸੀ ਸਪਲਾਈ ਡਿਪੂ ਬਣਾਉਣੇ।

ਇਸ ਪ੍ਰੋਗਰਾਮ ਨੂੰ ਪਹਿਲ ਦਿੱਤੀ ਗਈ ਕਿਉਂਕਿ ਇਸ ਤੋਂ ਬਿਨ੍ਹਾਂ ਮੈਂਬਰ ਦੇਸ਼ ਆਪਣੀ ਸ਼ਕਤੀ ਨੂੰ ਇਸ ਇਲਾਕੇ ਦੀ ਰੱਖਿਆ ਦੇਣ ਲਈ ਸਹਿਮਤ ਨਹੀਂ ਸਨ। ਨਤੀਜੇ ਦੇ ਤੌਰ ਤੇ ਜਿਹੜੀ ਨੀਤੀ ਬਣੀ ਉਹ ਇਹ ਸੀ ਕਿ ਸਾਰੀਆ ਨਾਟੋ ਸ਼ਕਤੀਆਂ ਨੂੰ ਯੂਰਪ ਦੀ ਲੜਾਈ ਦੀ ਤਬਾਹੀ ਤੋਂ ਦੂਰ ਰਹਿ ਕੇ ਰੱਖਿਆ ਕਰਨੀ। ਇਸ ਤਰ੍ਹਾਂ ਇਸ ਮਾਮਲੇ ਵਿਚ ਅਮਰੀਕਾ ਦੀ ਸਾਕਾਰਾਤਮਕ ਪਹੁੰਚ ਦੇ ਕਾਰਨ ਉਪਰੋਕਤ ਪ੍ਰੋਗਰਾਮ ਦੀ ਪੂਰਤੀ ਵੀ ਹੋ ਗਈ ਅਤੇ ਸਾਰੇ ਮੈਂਬਰਾਂ ਦੀ ਭਰੋਸਗੀ ਵੀ ਲੈ ਲਈ ਗਈ।

ਉਪਰੋਕਤ ਹਾਲਤ ਅਤੇ ਨੀਤੀ 1953 ਦੇ ਬਾਅਦ ਨਾ ਰਹਿ ਸਕੀ ਕਿਉਂਕਿ ਰੂਸ ਪ੍ਰਮਾਣੂ ਦੋੜ ਵਿਚ ਅਮਰੀਕਾ ਦੇ ਨੇੜੇ ਆ ਚੁੱਕਾ ਸੀ। ਪਰ ਹੋਰ ਮੈਂਬਰਾਂ ਨੂੰ ਰੂਸ ਦੇ ਹਮਲੇ ਦੇ ਡਰ ਤੋਂ ਬਚਾਇਆ ਨਹੀਂ ਜਾ ਸਕਦਾ ਸੀ। ਇਸ ਖ਼ਤਰੇ ਦਾ ਖਿਆਲ ਕਰਦਿਆਂ ਹੋਇਆਂ ਮਿਸਟਰ ਜੌਨ ਫੋਸਟਰ ਡਲਸ ਜੋ ਅਮਰੀਕਾ ਦਾ ਸੈਕਟਰੀ ਆਫ਼ ਸਟੇਟ ਸੀ ਨੇ ਭਾਰੀ ਪ੍ਰਤੀਰੋਧ (Massive Retaliation) ਦੀ ਨੀਤੀ ਦਿੱਤੀ।

ਰੂਸ ਨੇ ਅਕਤੂਬਰ 1943 ਵਿਚ ਆਪਣਾ ਪਹਿਲਾ ਉਪ ਗ੍ਰਹਿ ਛੱਡਿਆ ਜਿਸ ਨਾਲ ਟਕਰਾਅ ਨਵੇਂ ਪੜਾਅ ਵਿਚ ਦਾਖ਼ਲ ਹੋ ਗਿਆ ਅਤੇ ਇਸ ਦੇ ਨਾਲ ਹੀ ਨਾਟੋ ਦਾ ਪੜਾਅ ਵੀ ਸ਼ੁਰੂ ਹੋ ਗਿਆ। ਇਸ ਨਾਲ ਨਾਟੋ ਦੇ ਯੁੱਧਨੀਤਿਕ ਮਹੱਤਤਾ ਵਾਲੇ ਹਵਾਈ ਅੱਡਿਆਂ ਦੀ ਅਹਿਮੀਅਤ ਖ਼ਤਮ ਹੋ ਗਈ। ਜਨਰਲ ਨੋਰਸਟਡ ਨੇ ਨਾਟੋ ਨੂੰ 'ਲੜਾਕੇ ਬੰਬਰ' (Fighter Bomber) ਅਤੇ ਯੁੱਧ ਦਰਜੇ ਦੇ ਜਹਾਜ਼ਾਂ ਨੂੰ MRBM (Medium Range Ballistic Missies) ਮੱਧ ਦੂਰੀ ਦੀਆਂ ਮਿਜ਼ਾਈਲਾਂ ਨਾਲ ਬਦਲਣ ਦੀ ਸਲਾਹ ਦਿੱਤੀ। ਇਸ ਨੀਤੀ ਨੂੰ 'ਤਲਵਾਰ ਅਤੇ ਢਾਲ' (Sword and Shield) ਦੀ ਨੀਤੀ ਕਿਹਾ ਜਾਂਦਾ ਹੈ। ਇਸ ਨਾਲ ਯੂਰਪ ਦੀ ਯੁੱਧਨੀਤਿਕ ਕਮਾਂਡ ਅਤੇ ਅਮਰੀਕਾ ਨੇ ਤਲਵਾਰ ਦੇ ਤੌਰ ਤੇ ਕੰਮ ਕਰਨਾ ਸੀ ਅਤੇ ਨਾਟੋ ਦੀਆਂ ਥਲ ਸੈਨਾਵਾਂ ਨੇ ਢਾਲ ਦਾ ਕੰਮ ਕਰਨਾ ਸੀ।

ਭਾਰੀ ਪ੍ਰਤੀਰੋਧ ਦੀ ਨੀਤੀ ਕੁਝ ਜ਼ਿਆਦਾ ਕਾਮਯਾਬ ਨਾ ਰਹਿ ਸਕੀ। ਕਿਉਂਕਿ ਲੜਾਈ ਪ੍ਰਮਾਣੂ ਹੋਣ ਦੀ ਬਜਾਏ ਸੀਮਤ (limited) ਹੋ ਗਈ ਸੀ। ਰੂਸ ਦੀ ਪ੍ਰਤੀਰੋਧ ਦੀ ਸ਼ਕਤੀ ਵੱਧ ਜਾਣ ਦੇ ਨਾਲ ਨਾਟੋ ਨੂੰ ਭਾਰੀ ਪ੍ਰਤੀਰੋਧ ਦੀ ਨੀਤੀ ਨੂੰ ਲਚਕਦਾਰ ਨੀਤੀ ਵਿਚ ਬਦਲਣਾ ਪਿਆ। ਇਸ ਤਰ੍ਹਾਂ 1967 ਵਿਚ ਨਾਟੋ ਦੀ ਨੀਤੀ ਲਚਕਦਾਰ (Flexible Response) ਵਿਚ ਬਦਲ ਗਈ।

ਨਾਟੋ ਨੇ ਮੈਂਬਰ ਦੇਸ਼ਾਂ ਦੀ ਏਕਤਾ ਨੂੰ ਵਧਾਇਆ ਅਤੇ ਇਹ ਗੱਲ ਜਚਾ ਦਿੱਤੀ, ਸੀ ਕਿ ਏਕਤਾ ਤੋਂ ਬਿਨ੍ਹਾਂ ਉਨ੍ਹਾਂ ਦੀ ਆਜ਼ਾਦੀ ਖਤਰੇ ਵਿਚ ਹੈ। ਮਜ਼ਬੂਤ ਸੰਬੰਧਾਂ ਨੇ ਰਾਜਨੀਤਿਕ ਅਤੇ ਆਰਥਿਕਤਾ ਨੂੰ ਹੋਰ ਮਜ਼ਬੂਤ ਕੀਤਾ। ਸੁਰੱਖਿਆ ਦੇ ਭਾਰੀ ਖਰਚੇ ਦੇ ਬਾਵਜੂਦ ਇਸ ਦੇ ਮੈਂਬਰ ਦੇਸ਼ਾਂ ਦੇ ਆਰਥਿਕ ਹਾਲਾਤ ਅਤੇ ਰਹਿਣ ਸਹਿਣ ਦਾ ਪੱਧਰ ਉਚਾ ਉਠਣ ਲੱਗ ਪਿਆ ਸੀ। ਇਨ੍ਹਾਂ ਵਿਚ ਸਹਿਯੋਗ ਨੇ ਸਾਇੰਸ ਗਤੀਵਿਧੀਆਂ ਨੂੰ ਮਜ਼ਬੂਤ ਕੀਤਾ। ਕਿੰਨੇ ਹੀ ਖੋਜ ਪ੍ਰਾਜੈਕਟ ਸ਼ੁਰੂ ਹੋ ਗਏ ਸਨ ਜਿਹੜੇ ਕਿ ਇਸ ਦੇ ਮੈਂਬਰ ਦੇਸ਼ਾਂ ਵਲੋਂ ਮਿਲ ਕੇ ਚਲਾਏ ਜਾਂਦੇ ਹਨ। ਇਸ ਤੋਂ ਬਿਨ੍ਹਾਂ ਸਭਿਆਚਾਰਕ ਪੱਖੋਂ ਆਦਾਨ ਪ੍ਰਦਾਨ ਸ਼ੁਰੂ ਹੋ ਜਾਣ ਦੇ ਨਾਲ ਹੀ ਮੈਂਬਰ ਦੇਸ਼ਾਂ ਵਿਚ ਨੇੜਤਾ ਆ ਗਈ।

1990 ਵਿਚ ਸੋਵਿਅਤ ਸੰਘ ਦੇ ਟੁੱਟਣ ਤੋਂ ਬਾਅਦ, ਨਾਟੋ ਦੇ ਨੇਤਾਵਾਂ ਨੇ ਠੰਡੀ ਜੰਗ ਖਤਮ ਹੋਣ ਤੋਂ ਬਾਅਦ ਵਾਰਸਾ ਸੰਧੀ ਦੇ ਮੈਬਰਾਂ ਨਾਲ ਇਕ ਇਤਿਹਾਸਿਕ ਸਮਝੋਤਾ ਕੀਤਾ ਅਤੇ ਇਸ ਖੇਤਰ ਵਿਚ ਸ਼ਾਂਤੀ ਦੀ ਸਥਾਪਨਾ ਉੱਤੇ ਜੋਰ ਦਿਤਾ। ਨਾਲ ਇਹ ਵੀ ਫੈਸਲਾ ਲਿਆ ਗਿਆ ਕਿ ਪ੍ਰਮਾਣ ਹਥਿਆਰਾਂ ਨੂੰ ਅੰਤਮ ਉਪਾਅ ਦੇ ਤੌਰ ਤੇ ਹੀ ਵਰਤਿਆ ਜਾਵੇਗਾ। ਨਾਟੋ ਯੂਰੋਪ ਵਿਚੋਂ ਸੈਨਿਕਾਂ ਦੀ ਕਟੋਤੀ ਕਰੇਗਾ। 1991 ਵਿਚ ਅਮਰੀਕਾ ਨੂੰ ਵਾਰਸਾ ਦੇਸ਼ਾਂ ਨਾਲ 'ਸਹਿਯੋਗ ਕੌਂਸਲ' ਦੀ ਪ੍ਰਵਾਨਗੀ ਦਿਤੀ। 1991 ਵਿਚ ਅਮਰੀਕਾ ਨੇ ਸੋਵਿਅਤ ਸੰਘ ਨੂੰ ਆਪਣੇ ਹਥਿਆਰਾਂ ਵਿਚ ਕਟੋਤੀ ਕਰਨ ਲਈ ਕਿਹਾ ਤੇ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ। 11 ਮਾਰਚ 1992 ਨੂੰ ਕਈ ਸੋਵਿਅਤ (ਅਲਗ ਹੋਏ) ਦੇਸ਼ ਨਾਟੋ ਵਿਚ ਸ਼ਾਮਿਲ ਹੋ ਗਏ ਜਿਸ ਨਾਲ ਨਾਟੋ ਦੀ ਗਿਣਤੀ 35 ਹੋ ਗਈ।

ਵਾਰਸਾ ਦੇ ਖਤਮ ਹੋਣ ਤੋ ਬਾਅਦ ਅਤੇ ਜਰਮਨੀ ਵਿਚ ਏਕਤਾ ਤੋਂ ਬਾਅਦ ਨਾਟੋ ਦੁਨਿਆਂ ਦਾ ਸਭ ਤੋਂ ਤਾਕਤਵਰ ਮਿਲਟਰੀ ਗਰੁੱਪ ਹੈ। 1992 ਤੋਂ ਬਾਅਦ ਨਾਟੋ ਨੇ ਆਪਣੀਆਂ ਸੈਨਾਵਾਂ ਸ਼ਾਂਤੀ ਸਥਾਪਿਤ ਕਰਨ ਵਾਸਤੇ ਵੀ ਭੇਜਣੀਆਂ ਸ਼ੁਰੂ ਕਰ ਦਿਤੀਆਂ ਹਨ।

**SUGGESTED READINGS**

1. Palmer and Perkins : International Relations
2. Mahendra Kumar : Theoratical Aspects of Internatinal Politics

ਪਾਠ ਨੰਬਰ : 1.3

# ਖਾੜੀ ਸਹਿਯੋਗ ਪਰਿਸ਼ਦ
## (Gulf Cooperation Council- G.C.C.)

ਖਾੜੀ ਦੇਸ਼ਾਂ (Gulf Countries) ਦੇ ਵਿਦੇਸ਼ ਮੰਤਰੀਆਂ ਦੀਆਂ ਕਈ ਮੀਟਿੰਗਾਂ ਤੋਂ ਬਾਅਦ ਖਾੜੀ ਸਹਿਯੋਗ (Gulf Cooperation Council) ਦੇ ਸਮਝੋਤੇ ਉਪਰ 10 ਮਾਰਚ, 1981 ਨੂੰ ਹਸਤਾਖ਼ਰ ਕੀਤੇ ਗਏ। ਇਹ ਦੇਸ਼ ਇਸ ਖੇਤਰ ਦੀ ਆਰਥਿਕ ਅਤੇ ਯੁੱਧਨੀਤਿਕ ਸਥਿਰਤਾ ਵਾਸਤੇ ਆਪਸੀ ਸਹਿਯੋਗ ਨਾਲ ਸਾਧਨ ਜਟਾਉਣਾ ਚਾਹੁੰਦੇ ਸਨ ਅਤੇ ਨਾਲ ਹੀ ਇਰਾਨ ਦੀ ਕ੍ਰਾਂਤੀ ਦੇ ਪ੍ਰਭਾਵ ਨੂੰ ਇਸ ਖੇਤਰ ਵਿਚ ਆਉਣ ਤੋਂ ਰੋਕਣਾ ਚਾਹੁੰਦੇ ਸਨ। ਖਾੜੀ ਦੇਸ਼ਾਂ ਦਾ ਇਹ ਵਿਚਾਰ ਸੀ ਕਿ ਖਾੜੀ ਅਤੇ ਅਰਬ ਦੇਸ਼ਾਂ ਦਾ ਇਕ ਹੀ ਦੁਸ਼ਮਣ ਹੈ ਇਜਰਾਇਲ। ਇਸ ਲਈ ਓਮਾਨ ਤੋਂ ਇਲਾਵਾਂ ਸਾਰੇ ਹੀ ਦੇਸ਼ ਇਸ ਖੇਤਰ ਵਿਚ ਅਮਰੀਕੀ ਸੈਨਾਵਾਂ ਦਾ ਵਿਰੋਧ ਕਰਦੇ ਸਨ। 1982 ਵਿਚ ਇਕ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਕਿਸੇ ਇਕ ਮੈਂਬਰ ਤੇ ਹੋਇਆ ਹਮਲਾ ਸਾਰੇ ਮੈਂਬਰਾਂ ਤੇ ਹਮਲਾ ਸਮਝਿਆ ਜਾਵੇਗਾ। ਖਾੜੀ ਦੇਸ਼ਾਂ ਤੇ ਇਰਾਕੀ ਸੈਨਿਕਾਂ ਨੂੰ ਵੀ ਕੁਵੈਤ ਵਿਚੋਂ ਆਪਣੀਆਂ ਫੋਜਾਂ ਵਾਪਿਸ ਬੁਲਾਉਣ ਲਈ ਕਿਹਾ।

ਖਾੜੀ ਸਹਿਯੋਗ ਪਰਿਸ਼ਦ (Gulf Cooperation Council) :-

ਇਸ ਪਰਿਸ਼ਦ (GCC) ਨੂੰ ਬਣਾਉਣ ਵਿੱਚ 1981 ਵਿੱਚ ਸਾਊਦੀ ਅਰਬ ਨੇ ਪ੍ਰਮੁੱਖ ਭੂਮਿਕਾ ਨਿਭਾਈ। ਇਸ ਦੇ ਮੁੱਖ ਮੈਂਬਰ ਹਨ :-

| | |
|---|---|
| ਸਾਊਦੀ ਅਰਬ | (Saudi Arabia) |
| ਬਹਿਰੀਨ | (Bahrain) |
| ਕੁਵੈਤ | (Kuwait) |
| ਓਮਾਨ | (Oman) |
| ਕਤਰ | (Qatar) |
| ਸੰਯੁਕਤ ਅਰਬ ਅਮੀਰਾਤ | (United Arab Emirates) |

G.C.C. ਦੀ ਪ੍ਰਧਾਨਤਾ ਅਤੇ ਇਸਦਾ ਮੁੱਖ ਦਫ਼ਤਰ :- G.C.C. ਦੀ ਪ੍ਰਧਾਨਤਾ (Presidency) ਇਸਦੇ ਮੈਂਬਰਾਂ ਵਿੱਚ ਸਲਾਨਾ ਬਦਲਦੀ ਰਹਿੰਦੀ ਹੈ। ਇਸਦਾ ਪਹਿਲਾ ਪ੍ਰਧਾਨ ਸਾਊਦੀ ਅਰਬ ਸੀ। G.C.C. ਦਾ ਮੁੱਖ ਦਫਤਰ ਸਾਊਦੀ ਅਰਬ ਦੀ ਰਾਜਧਾਨੀ ਰਿਆਧ (Riyadh) ਵਿੱਚ ਹੈ। ਖਾੜੀ ਸਹਿਯੋਗ ਕੌਂਸਲ (G.C.C.) ਦੇ ਤਿੰਨ ਮੁੱਖ ਅੰਗ ਇਹ ਹਨ :

1. ਸਰਵ-ਉੱਚ ਕੌਂਸਲ (Supreme Council)
2. ਮੰਤਰੀ ਕੌਂਸਲ (Ministerial Council)
3. ਸਕੱਤਰੇਤ ਜਨਰਲ (Secretariat General)

ਸੁਪਰੀਮ ਕੌਂਸਲ ਦੇ ਵਿਚ ਸਾਰੇ ਮੈਂਬਰ ਦੇਸ਼ਾਂ ਦੇ ਪ੍ਰਤੀਨਿਧੀ ਹੁੰਦੇ ਹਨ ਅਤੇ ਇਸ ਸੰਗਠਨ ਦੇ ਕੰਮਾਂ ਲਈ ਵਿਚਾਰ-ਵਟਾਂਦਰਾ ਕਰਦੇ ਹਨ। ਮੰਤਰੀ ਪਰਿਸ਼ਦ (Ministerial Council) ਦੇ ਵਿਚ ਸਾਰੇ ਦੇਸ਼ਾਂ ਦੇ ਵਿਦੇਸ਼ ਮੰਤਰੀ ਹੁੰਦੇ ਹਨ, ਉਹ ਹਰ ਤਿੰਨ ਮਹੀਨੇ ਦੇ ਸਮੇਂ ਤੇ ਇਕੱਤਰਤਾ ਮੀਟਿੰਗ ਕੌਂਸਲ ਅਤੇ ਆਪਣੇ ਸੁਝਾਅ ਦਿੰਦੇ ਹਨ। ਸਕੱਤਰ ਜਨਰਲ (Secretary General) ਦਾ ਕੰਮ ਸੁਪਰੀਮ ਕੌਂਸਲ ਅਤੇ ਮਿਨਿਸਟਰੀਅਲ ਕੌਂਸਲ ਦੀਆਂ ਰਿਪੋਰਟਾਂ ਨੂੰ ਬਣਾਉਣਾ ਹੈ ਅਤੇ ਬਜਟ ਅਤੇ ਪੈਸੇ ਦਾ ਹਿਸਾਬ ਰੱਖਣਾ ਹੁੰਦਾ ਹੈ। ਇਸ ਦਾ ਇੱਕ ਮੁੱਖ ਕੰਮ ਇਹ ਵੀ ਹੈ ਕਿ ਮੈਂਬਰ ਦੇਸ਼ਾਂ ਦੇ ਵਿਚ ਝਗੜੇ ਦਾ ਨਿਪਟਾਰਾ ਕਰਨ ਦੇ ਲਈ ਕਮਿਸ਼ਨ ਨੂੰ ਨਿਯੁਕਤ ਕਰ ਸਕਦਾ ਹੈ। ਇਸ ਤਰ੍ਹਾਂ GCC ਇਕ ਸੰਗਠਨ ਦੇ ਰੂਪ ਵਿਚ ਕੰਮ ਕਰ ਰਹੀ ਹੈ।

ਉਦੇਸ਼ ਅਤੇ ਖੇਤਰ **(Objectives and Scope) :-** GCC ਦੇ ਸੰਗਠਨ ਦੇ ਕਈ ਉਦੇਸ਼ ਹਨ, ਜਿਨ੍ਹਾਂ ਨੇ ਮੈਂਬਰ ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਕੋਸ਼ਿਸ਼ਾਂ ਕੀਤੀਆਂ। ਇਹਨਾਂ ਵਿਚੋਂ ਮੁੱਖ ਹੇਠ ਲਿਖੇ ਹਨ:–

1. ਮੈਂਬਰ ਦੇਸ਼ਾਂ ਦੇ ਵਿਚ ਤਾਲਮੇਲ ਅਤੇ ਮਿਲਵਰਤਨ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾਵੇਗਾ।
2. ਮੈਂਬਰ ਦੇਸ਼ਾਂ ਦੇ ਲੋਕਾਂ ਦੇ ਵਿਚਕਾਰ ਆਪਸੀ ਮਿਲਵਰਤਨ ਨੂੰ ਵਧਾਇਆ ਜਾਵੇਗਾ।
3. ਮੈਂਬਰ ਦੇਸ਼ ਆਰਥਿਕ, ਵਿੱਤੀ, ਸਿੱਖਿਆ, ਸੱਭਿਆਚਾਰਕ ਅਤੇ ਲੋਕ ਪ੍ਰਸ਼ਾਸ਼ਨ ਦੇ ਖੇਤਰ ਵਿਚ ਇੱਕਠੇ ਕੰਮ ਕਰਨਗੇ।
4. ਮੈਂਬਰ ਦੇਸ਼ਾਂ ਵਿਚ ਵਿਗਿਆਨਕ ਅਤੇ ਤਕਨੀਕੀ ਤੌਰ ਤੇ ਤਰੱਕੀ ਕੀਤੀ ਜਾਵੇਗੀ।
5. ਸਾਂਝੀ ਸੁਰੱਖਿਆ ਨੀਤੀ ਨੂੰ ਦੇਸ਼ਾਂ ਵਿਚਕਾਰ ਵਿਕਸਿਤ ਕੀਤਾ ਜਾਵੇਗਾ।
6. ਸਾਰੇ ਮੈਂਬਰ ਦੇਸ ਵਿਰੋਧੀ ਗੁੱਟਾਂ ਦੀਆਂ ਗੁਪਤ ਸੂਚਨਾਵਾਂ ਇੱਕਠੀਆਂ ਕਰਨਗੇ ਅਤੇ ਆਪਸ ਵਿਚ ਸਾਂਝੀਆਂ ਕਰਨਗੇ।

GCC ਦੇ ਕੰਮ ਕਰਨ ਦੇ ਹੋਰ ਵੀ ਕਈ ਖੇਤਰ ਹੋ ਸਕਦੇ ਹਨ। ਇਸ ਦੇ ਵਿਕਾਸ ਹੋਣ ਦਾ ਇਕ ਇਹ ਖੇਤਰ ਵੀ ਹੋ ਸਕਦਾ ਹੈ ਕਿ ਇਨ੍ਹਾਂ GCC ਦੇ ਮੈਂਬਰ ਦੇਸ਼ਾਂ ਵਿਚ ਅਲੱਗ-ਅਲੱਗ ਵਿਚਾਰਧਾਰਾ ਕਾਰਨ ਜੋ ਫਰਕ ਪੈ ਰਿਹਾ ਹੈ, ਇਹ ਉਸ ਨੂੰ ਘੱਟ ਕਰ ਸਕਦਾ ਹੈ। ਇਸ ਦਾ ਹੋਰ ਖੇਤਰ ਇਹ ਵੀ ਹੈ ਕਿ ਸੰਗਠਨ ਸਾਂਝੀ ਵਿਦੇਸ਼ ਨੀਤੀ ਦੇ ਨਾਲ ਵਿਦੇਸ਼ਾਂ ਤੋਂ ਕਾਫ਼ੀ ਲਾਭ ਉਠਾ ਸਕਦਾ ਹੈ। ਇਸੇ ਤਰ੍ਹਾਂ ਸੁਰੱਖਿਆ ਦੇ ਖੇਤਰ ਵਿਚ ਸਾਂਝੇ ਸੁਰੱਖਿਆ ਸਮਝੌਤੇ ਦੇ ਅਧੀਨ ਇਹ ਕਮਜ਼ੋਰ ਦੇਸ਼ ਦੀ ਸੁਰੱਖਿਆ ਕਰ ਸਕਦੇ ਹਨ ਅਤੇ ਆਰਥਿਕ ਅਤੇ ਤਕਨੀਕੀ ਖੇਤਰ ਦੇ ਵਿੱਚ ਮੈਂਬਰ ਦੇਸ਼ ਇੱਕ ਦੂਜੇ ਦੀ ਮਦਦ ਕਰ ਸਕਦੇ ਹਨ। ਕਿਉਂਕਿ GCC ਦੇ ਮੈਂਬਰ ਦੇਸ਼ ਤਕਨੀਕੀ ਤੌਰ ਤੇ ਸੁਰੂ ਤੋਂ ਹੀ ਪਛੜੇ ਹੋਏ ਹਨ। ਇਸ ਲਈ ਇਹ ਵਿਕਸਿਤ ਦੇਸ਼ਾਂ ਤੋਂ ਵੀ ਮਦਦ ਲੈ ਸਕਦੇ ਹਨ।

ਵਿਸ਼ੇਸ਼ਤਾਵਾਂ **(Features)** :– GCC ਦੇ ਸੰਗਠਨ ਦੇ ਵਿਚ ਕਈ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਵਿਚੋਂ ਮੁੱਖ ਹੇਠ ਲਿਖੀਆਂ ਹਨ :

1. **ਆਰਥਿਕ ਸਹਾਇਤਾ ਅਤੇ ਵਪਾਰ** : GCC ਨੇ ਆਰਥਿਕ ਅਤੇ ਵਪਾਰਕ ਤੌਰ ਤੇ ਆਤਮ–ਨਿਰਭਰ ਹੋਣ ਦੇ ਲਈ ਕਈ ਕੰਮ ਕੀਤੇ ਸਨ। ਨਵੰਬਰ 1982 ਦੇ ਵਿਚ ਆਰਥਿਕ ਸਮਝੌਤੇ ਦੇ ਉਪਰ ਹਸਤਾਖ਼ਰ ਕੀਤੇ ਜਿਸ ਵਿਚ ਕਸਟਮ ਡਿਊਟੀ ਨੂੰ ਖਤਮ ਕਰ ਦਿੱਤਾ ਗਿਆ। ਤਕਨੀਕੀ ਖੇਤਰ ਵਿਚ ਇਕ ਦੂਜੇ ਦੀ ਮਦਦ ਅਤੇ ਲੋੜ ਪੈਣ ਤੇ ਕਿਸੇ ਵੀ ਮੈਂਬਰ ਦੇਸ਼ ਦੀ ਪੈਸੇ ਦੇ ਨਾਲ ਮੱਦਦ ਕਰ ਸਕਦੇ ਹਨ। ਇਸੇ ਤਰ੍ਹਾਂ ਮਾਰਚ 1983 ਦੇ ਵਿਚ GCC ਮੈਂਬਰ ਦੇਸ਼ਾਂ ਨੇ ਘਰੇਲੂ ਬਣੀਆਂ ਚੀਜ਼ਾਂ ਦੇ ਉਪਰ ਟੈਕਸ ਖ਼ਤਮ ਕਰ ਦਿੱਤਾ ਜਿਸ ਨਾਲ ਆਪਸੀ ਵਪਾਰ ਨੂੰ ਕਾਫ਼ੀ ਹੁੰਗਾਰਾ ਮਿਲਿਆ। ਵਿਦੇਸ਼ ਮੰਤਰੀਆਂ ਦੁਆਰਾ ਵਪਾਰ ਨੂੰ ਵਧਾਉਣ ਦੇ ਲਈ 1982 ਵਿਚ ਕਈ ਮੀਟਿੰਗਾਂ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। 1990 ਦੇ ਵਿਚ ਇਰਾਕ ਦੇ ਕੁਵੈਤ ਤੇ ਹਮਲੇ ਨਾਲ ਆਰਥਿਕ ਸੰਕਟ ਨੂੰ ਦੂਰ ਕਰਨ ਦੇ ਲਈ ਖੇਤਰੀ ਬੈਕਾਂ ਨੂੰ ਸਹਾਇਤਾ ਦਿੱਤੀ ਗਈ। GCC ਮੈਂਬਰ ਦੇਸ਼ਾਂ ਨੇ ਇੱਕ ਖਾਦ ਪਦਾਰਥ ਭੰਡਾਰ ਦੀ ਸਥਾਪਨਾ ਕੀਤੀ ਤਾਂ ਜੋ ਸੰਕਟ ਦੇ ਸਮੇਂ ਇਸ ਭੰਡਾਰ ਤੋਂ ਮਦਦ ਕੀਤੀ ਜਾ ਸਕੇ।

2. **ਉਦਯੋਗ ਅਤੇ ਖੇਤੀਬਾੜੀ** :– ਉਦਯੋਗ ਨੂੰ ਵਿਕਸਿਤ ਕਰਨ ਦੇ ਲਈ 1985 ਦੇ ਵਿਚ ਸਾਂਝੀ ਉਦਯੋਗਿਕ ਨੀਤੀ ਬਣਾਈ ਗਈ ਅਤੇ ਇੱਕ ਉਦਯੋਗ ਫੰਡ ਬਣਾਇਆ ਗਿਆ ਜਿਸ ਵਿਚੋਂ ਲੋੜ ਪੈਣ ਤੇ ਮੈਂਬਰ ਦੇਸ਼ ਉਦਯੋਗ ਲਾਉਣ ਲਈ ਕਰਜ਼ਾ ਲੈ ਸਕਦੇ ਸਨ। ਉਦਯੋਗ ਨੂੰ ਵਿਕਸਿਤ ਕਰਨ ਲਈ GCC ਨੇ ਮੈਂਬਰ ਦੇਸ਼ ਵਿਚ ਬਣੀਆਂ ਚੀਜ਼ਾਂ ਨੂੰ ਆਯਾਤ ਕਰਨ ਲਈ ਪਹਿਲ ਦੇਣ ਦਾ ਫੈਸਲਾ ਕੀਤਾ। ਇਸੇ ਤਰ੍ਹਾਂ ਖੇਤੀਬਾੜੀ ਨੂੰ ਵਿਕਸਿਤ ਕਰਨ ਦੇ ਲਈ ਕੰਮ ਕੀਤੇ ਗਏ। ਇਸ ਵਿਚ ਇੱਕ ਸਮਝੌਤਾ ਕੀਤਾ ਗਿਆ ਜਿਸ ਅਨੁਸਾਰ ਜਾਨਵਰਾਂ ਦੀਆਂ ਦਵਾਈਆਂ, ਕੀੜੇ ਮਾਰ ਦਵਾਈਆਂ, ਮੱਛੀ ਪਾਲਣ ਅਤੇ ਬੀਜਾਂ ਦੀ ਤਕਨੀਕ ਨੂੰ ਵਿਕਸਿਤ ਕੀਤਾ ਜਾਵੇਗਾ। ਇਸ ਕੰਮ ਦੇ ਲਈ 1987 ਦੇ ਵਿਚ ਸਾਊਦੀ ਅਰਬ ਦੀਆਂ ਦੋ ਕੰਪਨੀਆਂ ਨੂੰ ਬੀਜਾਂ ਅਤੇ ਮੁਰਗੀ ਪਾਲਣ ਦੇ ਵਿਕਾਸ ਲਈ GCC ਦੁਆਰਾ ਮਾਨਤਾ ਦਿੱਤੀ ਗਈ।

3. **ਆਵਾਜਾਈ ਦੇ ਸਾਧਨ ਅਤੇ ਊਰਜਾ** :– 1985 ਦੇ ਵਿਚ GCC ਦੇ ਮੈਂਬਰ ਦੇਸ਼ਾਂ ਦੇ ਵਿਚ ਰੇਲਵੇ ਲਾਈਨਾਂ ਅਤੇ ਸੜਕਾਂ ਬਣਾਉਣ ਦੇ ਲਈ ਸਮਝੌਤਾ ਕੀਤਾ ਗਿਆ, ਇਸ ਯੋਜਨਾ ਦੇ ਤਹਿਤ ਮੈਂਬਰ ਦੇਸ਼ਾਂ ਦੇ ਵਿਚ 1700 ਕਿਲੋਮੀਟਰ ਦੀ ਰੇਲਵੇ ਲਾਈਨ ਨੂੰ ਬਣਾਉਣਾ ਹੈ ਤਾਂ ਜੋ ਮੈਂਬਰ ਦੇਸ਼ਾਂ ਵਿਚ ਆਵਾਜਾਈ ਦੇ ਸਾਧਨਾਂ ਨੂੰ ਵਿਕਸਿਤ ਕੀਤਾ ਜਾ ਸਕੇ। ਇਸੇ ਤਰ੍ਹਾਂ 1986 ਦੇ ਵਿਚ ਸਾਂਝਾ ਦੂਰ ਸੰਚਾਰ ਜਾਲ ਬਨਾਉਣ ਦੇ ਲਈ ਸਮਝੌਤਾ ਕੀਤਾ ਗਿਆ। ਇਸ ਸਾਂਝੇ ਦੂਰ ਸੰਚਾਰ ਜਾਲ ਨੂੰ ਵਿਕਸਿਤ ਕਰਨ ਦੇ ਲਈ ਅੰਤਰ-ਰਾਸ਼ਟਰੀ ਦੂਰ ਸੰਚਾਰ ਸੰਘ ਦੀ ਵੀ ਮਦਦ ਲਈ ਗਈ। ਊਰਜਾ ਦੇ ਖੇਤਰ ਵਿਚ ਵਿਕਾਸ ਦੇ ਲਈ ਵੀ ਕਈ ਕੰਮ ਕੀਤੇ ਗਏ। 1987 ਦੇ ਵਿਚ ਸੁਪਰੀਮ ਕੌਂਸਲ ਨੇ ਇਕ ਯੋਜਨਾ ਬਣਾਈ ਜਿਸ ਵਿਚ ਮੈਂਬਰ ਦੇਸ਼ ਲੋੜ ਪੈਣ ਤੇ ਇੱਕ ਦੂਜੇ ਤੋਂ ਤੇਲ ਉਧਾਰ ਲੈ ਸਕਦੇ ਹਨ। ਇਸੇ ਤਰ੍ਹਾਂ ਲੋੜ ਪੈਣ ਤੇ ਬਾਹਰੀ ਦੇਸ਼ ਤੇ ਤੇਲ ਨੂੰ ਰੋਕ ਕੇ ਉਸ ਉਪਰ ਦਬਾਅ ਪਾ ਸਕਦੇ ਹਨ ਅਤੇ ਉਸ ਦਾ ਬਾਈਕਾਟ ਵੀ ਕਰ ਸਕਦੇ ਹਨ।

4. **ਖੇਤਰੀ ਸੁਰੱਖਿਆ** :– GCC ਦੇ ਮੈਂਬਰਾਂ ਨੇ ਖੇਤਰੀ ਸੁਰੱਖਿਆ ਦੇ ਲਈ ਕਦਮ ਚੁੱਕੇ ਹਨ। ਸਭ ਤੋਂ ਪਹਿਲਾਂ ਇਹਨਾਂ ਨੇ ਇਸ ਖੇਤਰ ਵਿਚ ਵਿਦੇਸ਼ੀ ਫੌਜ ਦੀ ਹੋਂਦ ਦੀ ਹਮੇਸ਼ਾਂ ਵਿਰੋਧਤਾ ਕੀਤੀ ਹੈ। ਨਵੰਬਰ, 1982 ਦੇ ਵਿਚ ਹਵਾਈ ਹਮਲੇ ਤੋਂ ਸੁਰੱਖਿਆ ਦੇ ਲਈ ਅਤੇ ਚੰਗੇ ਹਥਿਆਰ ਰੱਖਣ ਲਈ ਸਾਂਝੀ ਸੁਰੱਖਿਆ ਨੀਤੀ ਦੇ ਉਪਰ ਵਿਚਾਰ ਕੀਤਾ ਗਿਆ। ਬਾਹਰੀ ਹਮਲੇ ਦਾ ਮੁਕਾਬਲਾ ਕਰਨ ਦੇ ਲਈ ਇੱਕ ਕੇਂਦਰੀ ਕਮਾਂਡ ਬਣਾਈ ਜਿਸ ਦਾ ਮੁੱਖ ਦਫ਼ਤਰ ਸਊਦੀ ਅਰਬ ਦੇ ਵਿਚ ਸਥਿੱਤ ਹੈ। ਅਕਤੂਬਰ 1987 ਦੇ ਵਿਚ GCC ਮੈਂਬਰਾਂ ਦੁਆਰਾ ਇਹ ਐਲਾਨ ਕੀਤਾ ਗਿਆ ਕਿ ਇਕ ਮੈਂਬਰ ਦੇਸ਼ ਦੇ ਖਿਲਾਫ਼ ਹਮਲਾ ਸਾਰੇ GCC ਮੈਂਬਰਾਂ ਦੇ ਖਿਲਾਫ਼ ਸਮਝਿਆ ਜਾਵੇਗਾ। GCC ਮੈਂਬਰਾਂ ਨੇ 1990 ਦੇ ਵਿਚ ਖਾੜੀ ਯੁੱਧ ਸਮੇਂ ਇਰਾਕੀ ਕਾਰਵਾਈ ਦਾ ਵਿਰੋਧ ਕੀਤਾ ਅਤੇ ਉਸਨੂੰ ਆਪਣੀਆਂ ਫੌਜਾਂ ਨੂੰ ਕੁਵੈਤ ਵਿਚੋਂ ਹਟਾਉਣ ਦੇ ਲਈ ਕਿਹਾ। ਮਾਰਚ 1991 ਦੇ ਵਿਚ ਇਜਿਪਟ, ਸੀਰੀਆ ਅਤੇ GCC ਮੈਂਬਰ ਦੇਸ਼ਾਂ ਨੇ ਡਮਾਸਕਸ ਘੋਸ਼ਣਾ ਪੱਤਰ (Declaration of Damascus) ਦੇ ਉਪਰ, ਹਸਤਾਖਰ ਕੀਤੇ, ਜਿਸ ਵਿਚ ਖੇਤਰੀ ਸ਼ਾਂਤੀ ਫੌਜ ਬਣਾਉਣ ਦੀ ਯੋਜਨਾ ਸੀ। ਇਸ ਤਰ੍ਹਾਂ ਦੇ ਨਾਲ GCC ਦੇ ਦੇਸ਼ਾਂ ਨੇ ਖੇਤਰੀ ਸੁਰੱਖਿਆ ਦੇ ਲਈ ਕਈ ਵਰਨਣਯੋਗ ਕੋਸ਼ਿਸ਼ਾਂ ਕੀਤੀਆਂ।

5. **ਵਿਦੇਸ਼ੀ ਸੰਬੰਧ** : ਜੂਨ 1988 ਦੇ GCC ਵਿਚ ਅਤੇ European Community (EC) ਨੇ ਇੱਕ ਸਮਝੌਤੇ ਦੇ ਉਪਰ ਹਸਤਾਖ਼ਰ ਕੀਤੇ, ਜਿਸ ਨਾਲ GCC ਨੂੰ ਖੇਤੀਬਾੜੀ ਅਤੇ ਉਦਯੋਗ ਦੇ ਖੇਤਰ ਦੇ ਵਿਚ EC ਤੋਂ ਮਦਦ ਮਿਲ ਰਹੀ ਹੈ। GCC ਅਤੇ EC ਦੇ ਵਿਦੇਸ਼ ਮੰਤਰੀਆਂ ਨੇ ਇੱਕ ਵਪਾਰਕ ਸਮਝੌਤਾ ਵੀ ਕੀਤਾ ਜਿਸ ਨਾਲ ਦੋਵਾਂ ਸੰਗਠਨਾਂ ਦੇ ਵਿਚਕਾਰ ਵਪਾਰਕ ਸੰਬੰਧ ਵਿਕਸਿਤ ਹੋ ਰਹੇ ਹਨ। GCC ਨੇ ਆਰਥਿਕ ਅਤੇ ਤਕਨੀਕੀ ਮਦਦ ਦੇ ਲਈ ਕਈ ਹੋਰ ਦੇਸ਼ਾਂ ਦੇ ਨਾਲ ਮੇਲ ਮਿਲਾਪ ਵਧਾਇਆ।

**ਸਮੱਸਿਆਵਾਂ (Problems)** : GCC ਮੈਂਬਰ ਦੇਸ਼ ਨੂੰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਇਹਨਾਂ ਵਿਚੋਂ ਮੁੱਖ ਹਨ :–

1. **ਆਪਸੀ ਮਤਭੇਦ** : GCC ਦੇ ਮੈਂਬਰ ਦੇਸ਼ਾਂ ਦੇ ਵਿਚ ਕਈ ਮੁੱਦਿਆਂ ਉਪਰ ਆਪਸੀ ਮਤਭੇਦ ਆ ਗਏ ਜਿਵੇਂ ਕਤਰ ਅਤੇ ਸਾਊਦੀ ਅਰਬ ਦੀਆਂ ਸਰਹੱਦਾਂ ਦੇ ਮੁੱਦੇ ਨੂੰ ਲੈ ਕੇ ਕਾਫ਼ੀ ਤਣਾਅ ਵੱਧ ਗਿਆ ਸੀ। ਇਸ ਨਾਲ ਇਹਨਾਂ ਦੋਵਾਂ ਦੇਸ਼ਾਂ ਦੇ ਵਿਚਕਾਰ ਕਾਫ਼ੀ ਮਤਭੇਦ ਹੋ ਗਏ ਹਨ। ਇਸੇ ਤਰ੍ਹਾਂ ਕਤਰ ਨੇ GCC ਦੀ ਰਜ਼ਾਮੰਦੀ ਦੇ ਖਿਲਾਫ਼ ਦੱਖਣੀ ਯਮਨ ਦੇ ਮੁੱਦੇ ਤੇ ਆਪਣੀ ਅਸਹਿਮਤੀ ਵਿਖਾਈ ਸੀ। ਇਸ ਨਾਲ ਕਈ ਮੈਂਬਰ ਦੇਸ਼ ਕਤਰ ਤੋਂ ਨਖੁਸ਼ ਹਨ। ਇਸੇ ਤਰ੍ਹਾਂ ਕਤਰ ਨੇ ਸਾਊਦੀ ਅਰਬ ਦੇ ਇਕ ਮੈਂਬਰ ਨੂੰ ਬਿਨ੍ਹਾਂ ਚੋਣ ਤੋਂ ਸਕੱਤਰੇਤ ਜਨਰਲ ਦੇ ਵਿਚ ਸ਼ਾਮਲ ਕਰਨ ਤੇ ਨਾਰਾਜ਼ਗੀ ਜ਼ਾਹਰ ਕੀਤੀ ਸੀ। ਇਸ ਤਰ੍ਹਾਂ ਦੇ ਨਾਲ GCC ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ।

2. **ਵਿਦੇਸ਼ੀ ਦਖ਼ਲ ਅੰਦਾਜ਼ੀ** : GCC ਦੇ ਕਈ ਮੈਂਬਰ ਦੇਸ਼ਾਂ ਨੇ ਬਾਹਰੀ ਦੇਸ਼ਾਂ ਦੇ ਨਾਲ ਸੁਰੱਖਿਆ ਸਮਝੌਤੇ ਕਰ ਲਏ ਸਨ। ਇਹ ਦੇਸ਼ ਆਧੁਨਿਕ ਹਥਿਆਰ ਲੈ ਰਹੇ ਸਨ, ਜਿਸ ਨਾਲ GCC ਦੇ ਕਈ ਹੋਰ ਮੈਂਬਰ ਦੇਸ਼ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਸਨ। ਇਸ ਨਾਲ ਇਹਨਾਂ ਦੇਸ਼ਾਂ ਦਾ ਸੰਗਠਨ ਦੇ ਵਿਚ ਵਿਸ਼ਵਾਸ਼ ਘੱਟ ਰਿਹਾ ਹੈ। ਇਸੇ ਤਰ੍ਹਾਂ ਕਈ ਮਹਾਨ ਸ਼ਕਤੀਆਂ ਵੀ ਇਹਨਾਂ ਦੇਸ਼ਾਂ ਦੇ ਅੰਦਰੂਨੀ

ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ। ਜਿਵੇਂ ਕਿ ਕੁਵੈਤ ਦੇ ਉਪਰ ਸੋਵੀਅਤ ਸੰਘ ਦਾ ਬਹੁਤ ਪ੍ਰਭਾਵ ਸੀ। ਇਹਨਾਂ ਮਹਾਂ ਸ਼ਕਤੀਆਂ ਦੇ ਪ੍ਰਭਾਵ ਦੇ ਕਾਰਨ GCC ਨੂੰ ਕਈ ਫੈਸਲੇ ਲੈਣ ਵਿਚ ਮੁਸ਼ਕਲਾਂ ਆਉਂਦੀਆਂ ਸਨ।

3. **ਤਕਨੀਕੀ ਗਿਆਨ ਦੀ ਕਮੀ** : GCC ਦੇਸ਼ਾਂ ਨੂੰ ਸ਼ੁਰੂ ਤੋਂ ਹੀ ਤਕਨੀਕੀ ਤੌਰ ਤੇ ਪੱਛੜੇ ਹੋਣ ਕਰਕੇ ਤਕਨੀਕੀ ਮਨੁੱਖੀ ਸ਼ਕਤੀ ਦੀ ਕਮੀ ਰਹੀ ਹੈ। ਜਿਸ ਕਰਕੇ ਇਹਨਾਂ ਨੂੰ ਆਧੁਨਿਕ ਮਸ਼ੀਨਰੀ ਅਤੇ ਫੌਜੀ ਸਾਜੋ-ਸਮਾਨ ਨੂੰ ਠੀਕ ਕਰਨ ਦੇ ਵਿਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਕਨੀਕੀ ਗਿਆਨ ਦੇ ਲਈ ਇਹਨਾਂ ਨੂੰ ਕਈ ਵਿਕਸਿਤ ਦੇਸ਼ਾਂ ਦੇ ਉਪਰ ਨਿਰਭਰ ਰਹਿਣਾ ਪੈਂਦਾ ਹੈ, ਜਿਸ ਨਾਲ ਇਹ ਬਾਹਰੀ ਦੇਸ਼ਾਂ ਦੇ ਦਬਾਅ ਦੇ ਵਿਚ ਰਹਿੰਦੇ ਹਨ। ਤਕਨੀਕੀ ਗਿਆਨ ਦੀ ਕਮੀ ਦੇ ਕਾਰਨ GCC ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ।

4. **ਵਿਚਾਰਧਾਰਾ ਦਾ ਮੱਤਭੇਦ** : GCC ਦੇ ਮੈਂਬਰ ਦੇਸ਼ਾਂ ਦੇ ਵਿਚ ਮੁਸਲਮਾਨ ਵਿਚਾਰਧਾਰਾ ਦਾ ਹਮੇਸ਼ਾਂ ਹੀ ਮੱਤਭੇਦ ਰਿਹਾ ਹੈ। ਜਿਸ ਨਾਲ ਇਹਨਾਂ ਦੇਸ਼ਾਂ ਦੇ ਵਿਚ ਕਈ ਮੁੱਦੇ ਖੜੇ ਹੋ ਗਏ ਹਨ, ਜਿਵੇਂ ਕਿ ਸਾਊਦੀ ਅਰਬ ਅਤੇ ਯਮਨ ਦਾ ਵੀ ਵਿਚਾਰਧਾਰਾ ਦਾ ਮਤਭੇਦ ਹੈ। ਬਹਰੀਨ ਦਾ ਇਰਾਕ ਦੇ ਨਾਲ ਵਿਚਾਰਧਾਰਾ ਦਾ ਮਤਭੇਦ ਹੈ। ਇਸ ਤਰ੍ਹਾਂ ਇਨ੍ਹਾਂ ਵਿਚਾਰਧਾਰਾ ਦੇ ਮਤਭੇਦ ਦੇ ਕਾਰਨ ਇਹ ਸੰਗਠਨ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋ ਸਕਿਆ ਹੈ।

5. ਖੇਤਰੀ ਤਨਾਅ : ਇਹ ਖੇਤਰ ਹਮੇਸ਼ਾਂ ਹੀ ਅੰਤਰ-ਰਾਸ਼ਟਰੀ ਰਾਜਨੀਤੀ ਦੇ ਵਿਚ ਸਰਗਰਮ ਰਿਹਾ ਹੈ। ਇਸ ਖੇਤਰ ਵਿਚ ਖਾੜੀ ਯੁੱਧ, ਇਰਾਨ ਅਤੇ ਇਰਾਨ ਦੀ ਲੜਾਈ, ਅਰਬ ਅਤੇ ਇਜ਼ਰਾਇਲ ਸੰਕਟ ਨੇ ਕਾਫ਼ੀ ਤਨਾਅ ਪੈਦਾ ਕੀਤਾ ਹੈ। ਸੰਕਟਾਂ ਦੇ ਕਾਰਨ ਇਹਨਾਂ ਦੇਸ਼ਾਂ ਦੇ ਵਿਚ ਮਤਭੇਦ ਪੈਦਾ ਹੋ ਗਏ ਸਨ। ਜਿਵੇਂ ਕਿ ਇਰਾਕ ਤੇ ਕੁਵੈਤ ਦੇ ਉੱਪਰ ਹਮਲੇ ਦੇ ਨਾਲ GCC ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆਸੀ, ਜਿਸ ਨਾਲ GCC ਦੇ ਮੈਂਬਰ ਦੇਸ਼ਾਂ ਦੇ ਆਪਸੀ ਸੰਬੰਧਾਂ ਤੇ ਉਪਰ ਕਾਫੀ ਅਸਰ ਪਿਆ।

**ਪ੍ਰਾਪਤੀਆਂ (Achievements)** :- GCC ਨੇ ਹਰ ਖੇਤਰ ਦੇ ਵਿਚ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਇਹ ਮੁੱਖ ਹਨ :

1. **ਆਰਥਿਕ ਅਤੇ ਤਕਨੀਕੀ ਤੌਰ ਤੇ ਮੱਦਦ** : GCC ਮੈਂਬਰ ਦੇਸ਼ਾਂ ਨੇ ਨਵੰਬਰ 1982 ਦੇ ਵਿੱਚ ਇੱਕ ਆਰਥਿਕ ਸਮਝੌਤੇ ਤੇ ਹਸਤਾਖਰ ਕੀਤੇ ਜਿਸ ਵਿਚ ਕਸਟਮ ਡਿਊਟੀ ਨੂੰ ਖਤਮ ਕਰ ਦਿੱਤਾ ਗਿਆ ਅਤੇ ਇਕ ਹੋਰ ਸਮਝੌਤਾ ਕੀਤਾ ਗਿਆ ਜਿਸ ਅਨੁਸਾਰ ਸਾਰੇ GCC ਦੇਸ਼ਾਂ ਨੂੰ ਲੋੜ ਪੈਣ ਤੇ ਤਕਨੀਕੀ, ਆਰੰਭਿਕ ਅਤੇ ਪੈਸੇ ਦੀ ਮਦਦ ਕੀਤੀ ਜਾਵੇਗੀ। GCC ਦੇਸ਼ਾਂ ਨੇ ਮਾਰਚ 1983 ਦੇ ਵਿਚ ਵਪਾਰ ਨੂੰ ਵਧਾਉਣ ਦੇ ਲਈ ਮੈਂਬਰ ਦੇਸ਼ਾਂ ਵਿਚ ਬਣੀਆਂ ਚੀਜ਼ਾਂ ਦੇ ਉਪਰ ਕਸਟਮ ਡਿਊਟੀ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਮੈਂਬਰ ਦੇਸ਼ਾਂ ਵਿਚ ਵਾਹਨਾਂ ਅਤੇ ਮਜ਼ਦੂਰਾਂ ਨੂੰ ਆਉਣ-ਜਾਣ ਦੀ ਆਗਿਆ ਦੇ ਦਿੱਤੀ ਗਈ। ਇਸੇ ਤਰ੍ਹਾਂ ਮਈ 1992 ਦੇ ਵਿਚ ਇਹ ਕਿਹਾ ਗਿਆ ਕਿ ਸੰਨ 2000 ਤੱਕ ਮੈਂਬਰ ਦੇਸ਼ਾਂ ਵਿਚ ਇੱਕ ਸਾਂਝੀ ਵਪਾਰਕ ਮੰਡੀ ਬਣਾਈ ਜਾਵੇ ਗੀ। GCC ਮੈਂਬਰ ਦੇਸ਼ਾਂ ਨੇ ਵਪਾਰਕ ਅਤੇ ਆਰਥਿਕ ਖੇਤਰ ਵਿਚ ਕਈ ਵਰਨਣਯੋਗ ਪ੍ਰਾਪਤੀਆਂ ਕੀਤੀਆਂ।

2. **GCC ਮੈਂਬਰਾਂ ਦੀ ਸੁਰੱਖਿਆ** : GCC ਮੈਂਬਰ ਦੇਸ਼ਾਂ ਨੇ ਮੈਂਬਰਾਂ ਦੀ ਸੁਰੱਖਿਆ ਦੇ ਲਈ ਵਿਦੇਸ਼ੀ ਫੌਜ਼ਾਂ ਦਾ ਖਾੜੀ ਦੇਸ਼ਾਂ ਵਿਚ ਰਹਿਣ ਦਾ ਵਿਰੋਧ ਕੀਤਾ। 1987 ਦੇ ਵਿਚ GCC ਨੇ ਇਹ ਐਲਾਨ ਕੀਤਾ ਕਿ ਇੱਕ ਮੈਂਬਰ ਦੇਸ਼ ਦੇ ਖਿਲਾਫ਼ ਹਮਲਾ ਸਾਰੇ GCC ਮੈਂਬਰਾਂ ਦੇ ਖਿਲਾਫ਼ ਸਮਝਿਆ ਜਾਵੇਗਾ। ਮਾਰਚ 1991 ਦੇ ਵਿਚ ਇਜਿਪਟ, ਸੀਰੀਆ ਅਤੇ GCC ਦੇ ਸਾਰੇ ਮੈਂਬਰਾਂ ਨੇ ਡਮਾਸਕਸ ਘੋਸ਼ਣਾ-ਪੱਤਰ ਦੇ ਉਪਰ ਹਸਤਾਖ਼ਰ ਕੀਤੇ ਜਿਸ ਵਿਚ ਇਹ ਕਿਹਾ ਗਿਆ, ਖੇਤਰੀ ਸੁਰੱਖਿਆ ਦੇ ਲਈ ਸਾਂਝੀ ਸੁਰੱਖਿਆ ਫੋਜ਼ ਬਣਾਈ ਜਾਵੇਗੀ, ਮਨੁੱਖ ਤਬਾਹੀ ਦੇ ਹਥਿਆਰਾਂ ਨੂੰ ਖ਼ਤਮ ਕੀਤਾ ਜਾਵੇਗਾ ਅਤੇ ਫਲਿਸਤੀਨੀ ਸਮੱਸਿਆ ਨੂੰ ਸੁਲਝਾਉਣ ਦੇ ਲਈ ਅੰਤਰ-ਰਾਸ਼ਟਰੀ ਪੱਧਰ ਤੇ ਕਾਨਫਰੰਸ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਨਵੰਬਰ 1994 ਦੇ ਵਿਚ ਜੁਰਮ ਅਤੇ ਅੱਤਵਾਦ ਤੇ ਕਾਬੂ ਪਾਉਣ ਦੇ ਲਈ ਇੱਕ ਸੁਰੱਖਿਆ ਸਮਝੌਤੇ ਦੇ ਉਪਰ ਹਸਤਾਖ਼ਰ ਕੀਤੇ ਗਏ। ਇਸ ਤਰ੍ਹਾਂ GCC ਦੇਸ਼ਾਂ ਨੇ ਖੇਤਰੀ ਸੁਰੱਖਿਆ ਦੇ ਲਈ ਕਈ ਕੰਮ ਕੀਤੇ ਹਨ।

3. **ਸਰਹੱਦੀ ਝਗੜਿਆਂ ਦਾ ਨਿਪਟਾਰਾ** : GCC ਦੁਆਰਾ ਕਈ ਸਰਹੱਦੀ ਝਗੜਿਆਂ ਦਾ ਨਿਪਟਾਰਾ ਕਰਨ ਦੇ ਲਈ ਕੰਮ ਕੀਤੇ ਗਏ ਅਤੇ ਇਸ ਲਈ ਸਖ਼ਤ ਕਦਮ ਵੀ ਚੁੱਕੇ ਹਨ। ਜਿਵੇਂ ਕਿ 1992 ਦੇ ਵਿਚ ਕਤਰ ਅਤੇ ਸਊਦੀ ਅਰਬ ਦੇ ਵਿਚਕਾਰ ਸਰਹੱਦਾਂ ਦਾ ਝਗੜਾ ਸੀ। ਇਸ ਦਾ ਨਿਪਟਾਰਾ ਕਰਨ ਦੇ ਲਈ GCC ਨੇ ਸਾਂਝਾ ਕਮਿਸ਼ਨ ਬਣਾਇਆ ਜਿਸ ਨੇ ਆਪਣੀ ਰਿਪੋਰਟ ਦਿੱਤੀ। ਇਸੇ ਤਰ੍ਹਾਂ ਇਰਾਨ ਨੇ ਸੰਯੁਕਤ ਅਰਬ ਐਮੀਰੇਟਸ (UAE) ਦੇ ਕਈ ਟਾਪੂਆਂ ਦੇ ਉਪਰ ਕਬਜ਼ਾ ਕਰ ਲਿਆ ਸੀ ਜਿਸ ਦਾ GCC ਦੇਸ਼ਾਂ ਨੇ ਬਹੁਤ ਵਿਰੋਧ ਕੀਤਾ ਅਤੇ ਇਸ ਦਾ ਨਿਪਟਾਰਾ ਸ਼ਾਂਤੀਪੂਰਵਕ ਕਰਨ ਦੇ ਲਈ ਕਿਹਾ। GCC ਖੇਤਰੀ ਝਗੜਿਆਂ ਨੂੰ ਨਿਪਟਾਉਣ ਦੇ ਲਈ ਕਿਸੇ ਹੱਦ ਤੱਕ ਸਫ਼ਲ ਵੀ ਹੋ ਸਕੇ ਹਨ।

4. **GCC** ਦੇ ਯੂਰਪੀ ਪਰਿਵਾਰ **(European Community)** ਦੇ ਨਾਲ ਸੰਬੰਧ : GCC ਨੇ ਤਕਨੀਕੀ ਮੱਦਦ ਲੈਣ ਦੇ ਲਈ ਕਈ ਹੋਰ ਸੰਗਠਨਾਂ ਦੇ ਨਾਲ ਆਪਣੇ ਸੰਬੰਧ ਬਣਾਏ। ਜਿਵੇਂ ਕਿ ਯੂਰਪੀ ਪਰਿਵਾਰ (European Community) ਦੇ ਨਾਲ ਜੂਨ 1998 ਦੇ ਵਿਚ ਸਮਝੌਤੇ ਤੇ ਹਸਤਾਖ਼ਰ ਕੀਤੇ ਗਏ ਜਿਸ ਵਿਚ GCC ਖੇਤੀਬਾੜੀ ਅਤੇ ਉਦਯੋਗ ਦੇ ਖੇਤਰ ਵਿਚ ਮੱਦਦ ਲੈ ਰਿਹਾ ਹੈ। ਇਸੇ ਤਰ੍ਹਾਂ ਦੋਵੇਂ ਸੰਗਠਨਾਂ ਦੇ ਵਿਚ ਸਾਂਝੇ ਵਪਾਰ ਦੇ ਲਈ ਵੀ ਸਮਝੌਤੇ ਦੇ ਉਪਰ ਹਸਤਾਖ਼ਰ ਕੀਤੇ ਗਏ। ਯੂਰਪੀ ਪਰਿਵਾਰ ਦੇ ਨਾਲ ਸਮਝੌਤਾ ਕਰਨ ਦੇ ਨਾਲ GCC ਨੂੰ ਵਪਾਰਕ ਖੇਤਰ ਵਿਚ ਕਾਫ਼ੀ ਫਾਈਦਾ ਹੋਇਆ ਹੈ।

5. **ਸਾਂਝੇ ਫੰਡ ਦੀ ਸਥਾਪਨਾ** : GCC ਨੇ ਖਾੜੀ ਯੁੱਧ ਤੋਂ ਬਾਅਦ ਇਕ ਸਾਂਝਾ ਫੰਡ ਬਣਾਇਆ ਜਿਸ ਵਿਚ ਮੈਂਬਰ ਦੇਸ਼ ਸੰਕਟ ਸਮੇਂ ਮੱਦਦ ਲੈ ਸਕਦੇ ਹਨ। ਇਸ ਦਾ ਮੁੱਖ ਮਕਸਦ ਇਹ ਹੈ ਕਿ ਸੰਕਟ ਸਮੇਂ ਜੇਕਰ ਕਿਸੇ ਮੈਂਬਰ ਦੇਸ਼ ਨੂੰ ਆਰਥਿਕ ਪੱਖੋਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਤਾਂ ਉਹ ਇਸ ਸਾਂਝੇ ਫੰਡ ਵਿਚੋਂ ਮਦਦ ਲੈ ਸਕਦੇ ਹੈ। ਖਾੜੀ ਯੁੱਧ ਸਮੇਂ ਇਸ ਵਿਚ ਇਹ ਸ਼ਰਤ ਰੱਖੀ ਗਈ ਕਿ ਜਿਹੜਾਂ ਦੇਸ਼ ਇਰਾਕ ਦੀ ਮਦਦ ਕਰੇਗਾ ਉਸਨੂੰ ਇਸ ਫੰਡ ਤੋਂ ਵਾਂਝੇ ਰੱਖਿਆ ਜਾਵੇਗਾ। ਇਸ ਫੰਡ ਤੋਂ ਕਈ ਦੇਸ਼ ਲਾਭ ਉਠਾ ਚੁੱਕੇ ਹਨ ਜਿਵੇਂ ਜਾਰਡਨ, ਯਮਨ ਅਤੇ ਪੀ.ਐਲ.ਓ. ਨੇ 1990 ਵਿਚ ਇਸ ਫੰਡ ਤੋਂ ਲੱਖਾਂ ਡਾਲਰ ਦੀ ਮੱਦਦ ਲਈ ਹੈ।

Type Setting :
Department of Distance Education, Punjabi University, Patiala.